




ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition








Reg No: AAG1353 | Ludhiana, Friday 13 March, 2026 | website: www.cee7news.com


## ਸਰਕਾਰੀ ਹਸਪਤਾਲਾਂ 'ਚ ਨਰਸਿੰਗ ਸੇਵਾਵਾਂ ਨੂੰ ਮਜ਼ਬੂਤ ਕਰੇਗੀ ਪੰਜਾਬ ਸਰਕਾਰ



ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਵਿੱਚ ਨਰਸਿੰਗ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਇੱਕ ਵੱਡੀ ਖੁਸ਼ਖਬਰੀ ਦਿੱਤੀ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਤਹਿਤ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (BFUHS), ਫ਼ਰੀਦਕੋਟ ਵੱਲੋਂ 672 ਸਟਾਫ਼ ਨਰਸ ਦੀਆਂ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਹ ਭਰਤੀ ਪਿਛਲੀਆਂ 406 ਅਸਾਮੀਆਂ ਤੋਂ ਇਲਾਵਾ ਹੈ, ਜਿਨ੍ਹਾਂ ਵਿੱਚੋਂ 275 ਨਰਸਾਂ ਨੂੰ ਪਹਿਲਾਂ ਹੀ ਨਿਯੁਕਤੀ ਪੱਤਰ ਜਾਰੀ ਹੋ ਚੁੱਕੇ ਹਨ। ਇਸ ਨਾਲ ਪੰਜਾਬ ਦੇ ਪ੍ਰਾਇਮਰੀ ਅਤੇ ਸੈਕੰਡਰੀ ਹੈਲਥ ਸੈਕਟਰ ਵਿੱਚ ਮਰੀਜ਼ਾਂ ਦੀ ਦੇਖਭਾਲ ਵਿੱਚ ਬਹੁਤ ਵੱਡਾ ਸੁਧਾਰ ਹੋਵੇਗਾ ਅਤੇ ਨਰਸਾਂ 'ਤੇ ਪੈਂਦਾ ਕੰਮ ਦਾ ਬੋਝ ਘਟੇਗਾ।

ਇਸ ਭਰਤੀ ਨਾਲ ਸੂਬੇ ਭਰ ਦੇ ਸਬ-ਡਵੀਜ਼ਨਲ ਹਸਪਤਾਲਾਂ, ਜ਼ਿਲ੍ਹਾ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਿੱਚ ਨਰਸਿੰਗ ਸਟਾਫ਼ ਵਧੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਪਿਛਲੇ ਸਾਲਾਂ ਵਿੱਚ ਹੀ 1500 ਤੋਂ ਵੱਧ ਡਾਕਟਰ ਭਰਤੀ ਕਰ ਚੁੱਕੀ ਹੈ, ਜਿਨ੍ਹਾਂ ਵਿੱਚ 600 ਸਪੈਸ਼ਲਿਸਟ ਅਤੇ 948 ਜਨਰਲ ਡਾਕਟਰ ਸ਼ਾਮਲ ਹਨ। ਇਸ ਤੋਂ ਇਲਾਵਾ ਆਮ ਆਦਮੀ ਕਲੀਨਿਕਾਂ ਦਾ ਨੈੱਟਵਰਕ ਵਧਾਇਆ ਗਿਆ ਹੈ ਅਤੇ 300 ਕਰੋੜ ਰੁਪਏ ਤੋਂ ਵੱਧ ਖਰਚ ਕੇ ਮੁਫ਼ਤ ਦਵਾਈਆਂ ਤੇ ਆਧੁਨਿਕ ਉਪਕਰਣ ਮੁਹੱਈਆ ਕਰਵਾਏ ਗਏ ਹਨ। 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਹਰ ਪਰਿਵਾਰ ਨੂੰ ਸਾਲਾਨਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਬੀਮਾ ਵੀ ਮਿਲ ਰਿਹਾ ਹੈ। ਇਸ ਭਰਤੀ ਨਾਲ ਸਿਹਤ ਵਿਭਾਗ ਹੋਰ ਵੀ ਮਜ਼ਬੂਤ ਹੋਵੇਗਾ।

## ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਆਪਣੇ ਛੇਵੇਂ ਦਿਨ ਵੀ ਚਰਮ ਸੀਮਾ ਤੱਕ ਪਹੁੰਚ ਗਿਆ



ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਆਪਣੇ ਛੇਵੇਂ ਦਿਨ ਵੀ ਚਰਮ ਸੀਮਾ ਤੱਕ ਪਹੁੰਚ ਗਿਆ। ਸਵੇਰੇ 10:25 ਵਜੇ ਤੋਂ ਸ਼ੁਰੂ ਹੋਈ ਕਾਰਵਾਈ ਵਿਚ ਵਿਧਾਇਕਾਂ ਵੱਲੋਂ ਆਪਣੇ ਹਲਕਿਆਂ ਦੀਆਂ ਸਮੱਸਿਆਵਾਂ ਉਠਾਈਆਂ ਗਈਆਂ ਅਤੇ ਮੰਤਰੀਆਂ ਨੇ ਉਨ੍ਹਾਂ ਦੇ ਜਵਾਬ ਦਿੱਤੇ। ਸਭ ਤੋਂ ਵੱਡੀ ਘਟਨਾ ਰਿਹਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਖਿਲਾਫ਼ ਦੋ ਵੱਖ-ਵੱਖ ਮਤੇ ਪਾਸ ਹੋਣਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਜਿੰਦਰ ਪਾਲ ਕੌਰ ਵੱਲੋਂ ਪੇਸ਼ ਇਹ ਮਤੇ ਸਰਬਸੰਮਤੀ ਨਾਲ ਪਾਸ ਹੋ ਗਏ। ਇਸ ਤੋਂ ਇਲਾਵਾ ਸਿੱਖਿਆ, ਵਿੱਤ, ਖੇਤੀਬਾੜੀ, ਲੋਕ ਨਿਰਮਾਣ ਅਤੇ ਜਲ ਸਰੋਤ ਵਿਭਾਗ ਨਾਲ ਜੁੜੀਆਂ ਮੁੱਖ ਘੋਸ਼ਣਾਵਾਂ ਵੀ ਹੋਈਆਂ।

ਸਵੇਰੇ 10:25 ਵਜੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਨਵਾਂ ਸ਼ਹਿਰ ਤੋਂ ਵਿਧਾਇਕ ਡਾ. ਨਛੱਤਰ ਪਾਲ ਦੇ ਸਵਾਲ ਦਾ ਜਵਾਬ ਦਿੰਦਿਆਂ ਦੱਸਿਆ ਕਿ ਮੱਤੇਵਾੜਾ ਤੋਂ ਰਾਹੋਂ ਵਾਲੀ 11 ਕਿਲੋਮੀਟਰ ਲੰਬੀ ਸੜਕ ਲੁਧਿਆਣਾ-ਮੱਤੇਵਾੜਾ-ਰਾਹੋਂ ਸੜਕ ਦਾ ਹਿੱਸਾ ਹੈ। ਇਸ ਉੱਤੇ ਮਾਈਨਿੰਗ ਦਾ ਭਾਰੀ ਟ੍ਰੈਫਿਕ ਹੈ ਇਸ ਲਈ ਰਿਸਰਚ ਲੈਬੋਰਟਰੀ ਪਟਿਆਲਾ ਤੋਂ ਨਵਾਂ ਡਿਜ਼ਾਈਨ ਤਿਆਰ ਕਰਵਾਇਆ ਜਾ ਰਿਹਾ ਹੈ ਅਤੇ ਵਿੱਤੀ ਵਰ੍ਹੇ 2026-27 ਦੌਰਾਨ ਇਸ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਇਸੇ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅਵਤਾਰ ਜੂਨੀਅਰ ਵਿਧਾਇਕ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਬੁਰਲਟਨ ਪਾਰਕ ਵਿਚ ਨਵਾਂ ਸਕੂਲ ਸਾਲ 2026 ਵਿਚ ਪੂਰਾ ਹੋ ਜਾਵੇਗਾ ਅਤੇ ਠੇਕੇਦਾਰ ਵੱਲੋਂ ਦੇਰੀ ਨਾ ਕੀਤੀ ਜਾਵੇ ਇਸ ਲਈ ਨਿਗਰਾਨੀ ਤੇਜ਼ ਕਰ ਦਿੱਤੀ ਗਈ ਹੈ।

10:34 ਵਜੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਬਰੇਟਾ ਵਿਚ ਮੌਜੂਦਾ ਅਨਾਜ ਮੰਡੀ ਦਾ ਮੇਨ ਯਾਰਡ ਛੋਟਾ ਹੋ ਗਿਆ ਹੈ। ਇਸ ਲਈ ਬਰੇਟਾ ਵਿਚ ਪਸ਼ੂ ਮੇਲਾ ਗਰਾਊਂਡ ਵਾਲੀ 20 ਏਕੜ ਖਾਲੀ ਜ਼ਮੀਨ ਨੂੰ ਲੀਜ਼ ਉੱਤੇ ਲੈਣ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨਾਲ ਪੱਤਰ ਵਿਹਾਰ ਚੱਲ ਰਿਹਾ ਹੈ।

**Cee7 News** ਇਸ ਨਾਲ ਕੇਸ ਦੀ ਲੰਬੀ ਚੱਲ ਰਹੀ ਸੁਣਵਾਈ ਵਿੱਚ ਇੱਕ ਨਵਾਂ ਮੋੜ

# ਸੁਪਰੀਮ ਕੋਰਟ ਆਫ ਇੰਡੀਆ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਦੋ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਹੈ।

ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਸੁਪਰੀਮ ਕੋਰਟ ਆਫ ਇੰਡੀਆ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ 2022 ਦੇ ਕਤਲ ਕੇਸ ਵਿੱਚ ਦੋ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸ ਨਾਲ ਕੇਸ ਦੀ ਲੰਬੀ ਚੱਲ ਰਹੀ ਸੁਣਵਾਈ ਵਿੱਚ ਇੱਕ ਨਵੀਂ ਮੋੜ ਆ ਗਿਆ ਹੈ।ਸੁਪਰੀਮ ਕੋਰਟ ਦੀ ਬੈਂਚ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਨੇ ਇਹ ਆਦੇਸ਼ ਦਿੱਤਾ। ਦੋਵਾਂ ਮੁਲਜ਼ਮਾਂ ਨੇ ਪੰਜਾਬ ਐਂਡ ਹਰਿਆਣਾ ਹਾਈਕੋਰਟ ਦੇ 1 ਅਗਸਤ 2025 ਵਾਲੇ ਫੈਸਲੇ ਖਿਲਾਫ ਅਪੀਲ ਕੀਤੀ ਸੀ। ਹਾਈਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ। ਹੁਣ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਰਾਹਤ ਦੇ ਦਿੱਤੀ। ਅਦਾਲਤ ਨੇ ਕਿਹਾ ਕਿ ਮੁਲਜ਼ਮਾਂ ਨੂੰ ਤਿੰਨ ਸਾਲ ਦਸ ਮਹੀਨਿਆਂ ਤੋਂ ਜੇਲ੍ਹ ਵਿੱਚ ਰੱਖਿਆ ਗਿਆ ਹੈ ਅਤੇ ਟ੍ਰਾਇਲ ਵਿੱਚ ਬਹੁਤ ਦੇਰੀ ਹੋ ਰਹੀ ਹੈ।

ਸਿੱਧੂ ਮੂਸੇਵਾਲਾ ਦਾ ਕਤਲ 29 ਮਈ 2022 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿੱਚ ਹੋਇਆ ਸੀ। ਉਹ ਆਪਣੀ ਐੱਸਯੂਵੀ ਵਿੱਚ ਜਾ ਰਿਹਾ ਸੀ ਤਾਂ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ ਅਤੇ ਕਈ ਰਾਊਂਡ ਗੋਲੀਆਂ ਚਲਾ ਦਿੱਤੀਆਂ। ਛੇ ਨਿਸ਼ਾਨੇਬਾਜ਼ਾਂ ਨੇ ਇਸ ਹਮਲੇ ਵਿੱਚ ਹਿੱਸਾ ਲਿਆ ਸੀ। ਮੂਸੇਵਾਲਾ ਮੌਕੇ 'ਤੇ ਹੀ ਸ਼ਹੀਦ ਹੋ ਗਏ ਸਨ। ਇਸ ਘਟਨਾ ਨੇ ਪੂਰਾ ਭਾਰਤ ਹਿਲਾ ਦਿੱਤਾ ਸੀ। ਗਾਇਕ ਦੀ ਮੌਤ ਤੋਂ ਇੱਕ ਦਿਨ ਪਹਿਲਾਂ ਹੀ ਉਸ ਦੀ ਸੁਰੱਖਿਆ ਘਟਾ ਦਿੱਤੀ ਗਈ ਸੀ।

ਪੰਜਾਬ ਪੁਲਿਸ ਨੇ ਇਸ ਕਤਲ ਨੂੰ ਇੰਟਰ-ਗੈਂਗ ਰਾਈਵਲਰੀ ਨਾਲ ਜੋੜਿਆ। ਇਸ ਵਿੱਚ ਮੁੱਖ ਤੌਰ 'ਤੇ ਸ਼ਾਮਲ ਮੰਨਿਆ ਗਿਆ। ਕੈਨੇਡਾ ਵੱਸਦੇ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ। ਪੁਲਿਸ ਨੇ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ। ਇਸ ਵਿੱਚ 24 ਮੁਲਜ਼ਮਾਂ ਦੇ ਨਾਮ ਸਨ। ਇਨ੍ਹਾਂ ਵਿੱਚੋਂ 20 ਗ੍ਰਿਫਤਾਰ ਹੋ ਚੁੱਕੇ ਹਨ ਜਦਕਿ ਚਾਰ ਭਗੌੜੇ ਹਨ।




ਹੁਣ ਤੱਕ 27 ਮੁਲਜ਼ਮਾਂ ਖਿਲਾਫ ਚਾਰਜ ਫਰੇਮ ਹੋ ਚੁੱਕੇ ਹਨ। ਟ੍ਰਾਇਲ ਪੰਜਾਬ ਦੀਆਂ ਅਦਾਲਤਾਂ ਵਿੱਚ ਚੱਲ ਰਿਹਾ ਹੈ।ਤ ਵਿੱਚ ਅਦਾਲਤ ਨੇ ਦੋਵਾਂ ਨੂੰ ਜ਼ਮਾਨਤ ਮਨਜ਼ੂਰ ਕਰ ਲਈ। ਹਾਲਾਂਕਿ ਜ਼ਮਾਨਤ ਦੀਆਂ ਸ਼ਰਤਾਂ ਬਾਰੇ ਵਿਸਥਾਰ ਨਾਲ ਨਹੀਂ ਦੱਸਿਆ ਗਿਆ ਪਰ ਆਮ ਤੌਰ 'ਤੇ ਇਸ ਵਿੱਚ ਜ਼ਮਾਨਤੀ ਰਕਮ, ਪਾਸਪੋਰਟ ਜਮ੍ਹਾਂ ਕਰਵਾਉਣਾ ਅਤੇ ਅਦਾਲਤ ਵਿੱਚ ਪੇਸ਼ ਹੋਣ ਦੀਆਂ ਸ਼ਰਤਾਂ ਸ਼ਾਮਲ ਹੁੰਦੀਆਂ ਹਨ। ਇਸ ਫੈਸਲੇ ਤੋਂ ਬਾਅਦ ਦੋਵੇਂ ਜਲਦੀ ਹੀ ਜੇਲ੍ਹ ਤੋਂ ਬਾਹਰ ਆ ਸਕਦੇ ਹਨ।

## ਯੂਐੱਸ-ਇਜ਼ਰਾਈਲ ਅਤੇ ਈਰਾਨ ਵਿਚਾਲੇ ਵਧਦੀ ਜੰਗ ਕਾਰਨ ਤੇਲ ਦੀਆਂ ਕੀਮਤਾਂ 'ਚ ਵੱਡਾ ਉਛਾਲ

।

ਯੂਐੱਸ ਅਤੇ ਇਜ਼ਰਾਈਲ ਵੱਲੋਂ ਈਰਾਨ ਉੱਤੇ ਕੀਤੇ ਗਏ ਲਗਾਤਾਰ ਬੰਬਾਰੀ ਅਤੇ ਹਮਲਿਆਂ ਦੇ ਜਵਾਬ ਵਜੋਂ ਈਰਾਨ ਵੱਲੋਂ ਵੀ ਆਪਣੇ ਹਮਲੇ ਤੀਬਰ ਕੀਤੇ ਗਏ ਹਨ। ਇਸ ਯੁੱਧ ਦਾ ਸਭ ਤੋਂ ਵੱਡਾ ਅਸਰ ਤੇਲ ਦੀਆਂ ਕੀਮਤਾਂ ਉੱਤੇ ਪਿਆ ਹੈ। ਰਾਇਟਰਜ਼ ਏਜੰਸੀ ਅਨੁਸਾਰ ਵੀਰਵਾਰ ਨੂੰ ਤੇਲ ਦੀ ਕੀਮਤ 100 ਅਮਰੀਕੀ ਡਾਲਰ ਪ੍ਰਤੀ ਬੈਰਲ ਤੋਂ ਵੀ ਉੱਪਰ ਪਹੁੰਚ ਗਈ ਹੈ। ਇਸ ਦਾ ਮੁੱਖ ਕਾਰਨ ਈਰਾਨ ਵੱਲੋਂ ਜਹਾਜ਼ਾਂ ਦੀ ਆਵਾਜਾਈ ਅਤੇ ਊਰਜਾ ਬੁਨਿਆਦੀ ਢਾਂਚੇ ਉੱਤੇ ਨਿਰੰਤਰ ਹਮਲੇ ਹਨ। ਯੁੱਧ ਖਤਮ ਹੋਣ ਦਾ ਕੋਈ ਸੰਕੇਤ ਨਜ਼ਰ ਨਹੀਂ ਆ ਰਿਹਾ ਹੈ ਅਤੇ ਇਸ ਨਾਲ ਪੂਰੀ ਦੁਨੀਆਂ ਚਿੰਤਤ ਹੈ।ਈਰਾਨ ਨੇ ਆਪਣੇ ਹਮਲਿਆਂ ਵਿੱਚ ਦੁਬਈ ਦੇ ਤੱਟ ਉੱਤੇ ਇੱਕ ਵੱਡੇ ਕੰਟੇਨਰ ਜਹਾਜ਼ ਨੂੰ ਨਿਸ਼ਾਨਾ ਬਣਾਇਆ ਹੈ ਜਿਸ ਨਾਲ ਵੱਡਾ ਨੁਕਸਾਨ ਹੋਇਆ ਹੈ। ਬਹਿਰੀਨ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਵੀ ਅੱਗ ਲਗਾ ਦਿੱਤੀ ਗਈ ਹੈ। ਇੱਕ ਡਰੋਨ ਹਮਲੇ ਰਾਹੀਂ ਸਾਊਦੀ ਅਰਬ ਦੇ ਇੱਕ ਵੱਡੇ ਤੇਲ ਖੇਤਰ ਨੂੰ ਟਾਰਗੈਟ ਕੀਤਾ ਗਿਆ ਹੈ। ਫਾਰਸ ਦੀ ਖਾੜੀ ਵਿੱਚ ਬਸਰਾ ਬੰਦਰਗਾਹ ਉੱਤੇ ਹੋਏ ਹਮਲੇ ਤੋਂ ਬਾਅਦ ਇਰਾਕ ਨੇ ਆਪਣੇ ਸਾਰੇ ਤੇਲ ਟਰਮੀਨਲਾਂ ਉੱਤੇ ਕੰਮ ਰੋਕਣ ਦਾ ਫੈਸਲਾ ਲੈ ਲਿਆ ਹੈ। ਇਸ ਨਾਲ ਤੇਲ ਦੀ ਸਪਲਾਈ ਵਿੱਚ ਬਹੁਤ ਵੱਡੀ ਘਾਟ ਆ ਗਈ ਹੈ ਅਤੇ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਆਸਮਾਨ ਚੜ੍ਹ ਗਈਆਂ ਹਨ। ਈਰਾਨ ਨੇ ਆਪਣੇ ਖਾੜੀ ਗੁਆਂਢੀ ਦੇਸ਼ਾਂ ਉੱਤੇ ਹਮਲੇ ਰੋਕਣ ਲਈ ਲਿਆ ਗਿਆ ਪਿਛਲੇ ਦਿਨ ਦੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਮਤੇ ਦੀ ਉਲੰਘਣਾ ਕੀਤੀ ਹੈ। ਇਸ ਤੋਂ ਇਲਾਵਾ ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਵਿੱਚ ਵੀ ਨਵੀਆਂ ਹਮਲਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਯਰੂਸ਼ਲਮ ਵਿੱਚ ਸਵੇਰ ਤੋਂ ਪਹਿਲਾਂ ਐਲਰਟ ਸਾਇਰਨ ਵੱਜਣ ਲੱਗੇ ਹਨ ਕਿਉਂਕਿ ਇਜ਼ਰਾਈਲ ਨੇ ਈਰਾਨ ਵੱਲੋਂ ਦਾਗੀਆਂ ਗਈਆਂ ਮਿਜ਼ਾਈਲਾਂ ਨੂੰ ਰੋਕਣ ਲਈ ਆਪਣੀਆਂ ਰੱਖਿਆ ਵਿਵਸਥਾਵਾਂ ਤਿਆਰ ਕਰ ਲਈਆਂ ਹਨ। ਇਜ਼ਰਾਈਲ ਨੇ ਤਿਹਰਾਨ ਉੱਤੇ ਵੱਡੇ ਪੱਧਰ ਉੱਤੇ ਹਮਲਿਆਂ ਦੀ ਲਹਿਰ ਸ਼ੁਰੂ ਕਰ ਦਿੱਤੀ ਹੈ। ਲਿਬਨਾਨ ਵਿੱਚ ਇਜ਼ਰਾਈਲ ਵੱਲੋਂ ਈਰਾਨ ਨਾਲ ਜੁੜੇ ਹਿਜ਼ਬੁੱਲਾ ਅਤਿਵਾਦੀਆਂ ਉੱਤੇ ਕੀਤੇ ਗਏ ਦੋ ਹਮਲਿਆਂ ਵਿੱਚ 11 ਲੋਕਾਂ ਦੀ ਮੌਤ ਹੋ ਗਈ ਹੈ। ਇਸ ਨਾਲ ਖੇਤਰ ਵਿੱਚ ਤਣਾਅ ਹੋਰ ਵਧ ਗਿਆ ਹੈ। ਇਸ ਲਗਾਤਾਰ ਯੁੱਧ ਅਤੇ ਹਮਲਿਆਂ ਕਾਰਨ ਤੇਲ ਦੀ ਸਪਲਾਈ ਵਿੱਚ ਬਹੁਤ ਵੱਡੀ ਘਾਟ ਆ ਗਈ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਨੇ ਆਪਣੇ ਸੁਰੱਖਿਅਤ ਤੇਲ ਭੰਡਾਰਾਂ ਤੋਂ ਤੇਲ ਕੱਢਣਾ ਸ਼ੁਰੂ ਕਰ ਦਿੱਤਾ ਹੈ। ਅੰਤਰਰਾਸ਼ਟਰੀ ਊਰਜਾ ਏਜੰਸੀ ਨੇ ਇਤਿਹਾਸਕ ਰਿਕਾਰਡ 400 ਮਿਲੀਅਨ ਬੈਰਲ ਤੇਲ ਰਿਜ਼ਰਵ ਤੋਂ ਰਿਲੀਜ਼ ਕਰਨ ਦਾ ਐਲਾਨ ਕੀਤਾ ਹੈ ਜਿਸ ਵਿੱਚ ਅਮਰੀਕਾ ਇੱਕਲਾ 172 ਮਿਲੀਅਨ ਬੈਰਲ ਤੇਲ ਰਿਲੀਜ਼ ਕਰਨ ਜਾ ਰਿਹਾ ਹੈ। ਫਿਰ ਵੀ ਤੇਲ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਈਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਯੁੱਧ ਜਾਰੀ ਰਿਹਾ ਤਾਂ ਤੇਲ ਦੀ ਕੀਮਤ 200 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਜਾਵੇਗੀ।

### ਇਸ ਯੁੱਧ ਦਾ ਸਭ ਤੋਂ ਵੱਡਾ ਅਸਰ ਤੇਲ ਦੀਆਂ ਕੀਮਤਾਂ ਉੱਤੇ ਪਿਆ ਹੈ।



ਇਸ ਨਾਲ ਵਿਸ਼ਵ ਆਰਥਿਕਤਾ ਉੱਤੇ ਬਹੁਤ ਵੱਡਾ ਅਸਰ ਪੈ ਰਿਹਾ ਹੈ ਅਤੇ ਕਈ ਦੇਸ਼ਾਂ ਵਿੱਚ ਮਹਿੰਗਾਈ ਵਧਣ ਦਾ ਖ਼ਤਰਾ ਬਣਿਆ ਹੋਇਆ ਹੈ। ਇੱਕ ਹੋਰ ਖ਼ਬਰ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫੀਫਾ ਦੇ ਪ੍ਰਧਾਨ ਗਿਆਨੀ ਇਨਫੈਂਟੀਨੋ ਨਾਲ ਵ੍ਹਾਈਟ ਹਾਊਸ ਵਿੱਚ ਨਿੱਜੀ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਕਿਹਾ ਕਿ ਈਰਾਨੀ ਫੁੱਟਬਾਲ ਟੀਮ ਨੂੰ ਇਸ ਸਾਲ ਅਮਰੀਕਾ ਵਿੱਚ ਹੋਣ ਵਾਲੇ ਵਿਸ਼ਵ ਕੱਪ ਲਈ ਅਜੇ ਵੀ ਸਵਾਗਤ ਹੈ ਭਾਵੇਂ ਈਰਾਨ ਦੇ ਆਗੂ ਇਸ ਨੂੰ ਸੰਭਵ ਨਾ ਮੰਨ ਰਹੇ ਹੋਣ। ਇਸ ਤਰ੍ਹਾਂ ਟਰੰਪ ਨੇ ਈਰਾਨ ਨੂੰ ਇੱਕ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਯੁੱਧ ਦੇ ਬਾਵਜੂਦ ਵੀ ਕੁਝ ਖੇਤਰਾਂ ਵਿੱਚ ਸਹਿਯੋਗ ਜਾਰੀ ਰੱਖਿਆ ਜਾ ਸਕਦਾ ਹੈ।


ਇੱਕ ਹੋਰ ਘਟਨਾ ਵਿੱਚ ਇਰਾਕ ਦੇ ਨੇੜੇ ਇੱਕ ਅਮਰੀਕੀ ਮਲਕੀਅਤ ਵਾਲੇ ਤੇਲ ਟੈਂਕਰ ਉੱਤੇ ਈਰਾਨ ਵੱਲੋਂ ਆਤਮਘਾਤੀ ਬੋਟ ਹਮਲਾ ਕੀਤਾ ਗਿਆ ਜਿਸ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ। ਇਸ ਨਾਲ ਭਾਰਤ ਵੀ ਇਸ ਯੁੱਧ ਦੀ ਲਪੇਟ ਵਿੱਚ ਆ ਗਿਆ ਹੈ ਅਤੇ ਭਾਰਤੀ ਸਰਕਾਰ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਚਿੰਤਤ ਹੈ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਕੋਸ਼ਿਸ਼ਾਂ ਕਰ ਰਹੀ ਹੈ।

ਇਸ ਯੁੱਧ ਦੀ ਸ਼ੁਰੂਆਤ ਇਸ ਸਾਲ 28 ਫਰਵਰੀ 2026 ਨੂੰ ਹੋਈ ਸੀ ਜਦੋਂ ਯੂਐੱਸ ਅਤੇ ਇਜ਼ਰਾਈਲ ਨੇ ਈਰਾਨ ਦੇ ਪਰਮਾਣੂ ਟਿਕਾਣਿਆਂ ਬੈਲਿਸਟਿਕ ਮਿਜ਼ਾਈਲਾਂ ਅਤੇ ਫੌਜੀ ਠਿਕਾਣਿਆਂ ਉੱਤੇ ਵੱਡੇ ਹਮਲੇ ਕੀਤੇ ਸਨ। ਉਸ ਤੋਂ ਬਾਅਦ ਈਰਾਨ ਨੇ ਵੀ ਆਪਣੇ ਜਵਾਬੀ ਹਮਲੇ ਤੀਬਰ ਕਰ ਦਿੱਤੇ ਹਨ ਅਤੇ ਹੁਣ ਤੱਕ ਇਸ ਯੁੱਧ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਖੇਤਰ ਵਿੱਚ ਅਸਥਿਰਤਾ ਵਧਦੀ ਜਾ ਰਹੀ ਹੈ ਅਤੇ ਇਸ ਦਾ ਅਸਰ ਪੂਰੀ ਦੁਨੀਆਂ ਉੱਤੇ ਪੈ ਰਿਹਾ ਹੈ। ਈਰਾਨ ਨੇ ਹੋਰਮੁਜ਼ ਜਲਡਮਰੂਮੱਧ ਵਿੱਚ ਖਾਣੇ ਬਿਛਾਉਣੇ ਵੀ ਸ਼ੁਰੂ ਕਰ ਦਿੱਤੇ ਹਨ ਜਿਸ ਨਾਲ ਤੇਲ ਜਹਾਜ਼ਾਂ ਦੀ ਆਵਾਜਾਈ ਬਹੁਤ ਪ੍ਰਭਾਵਿਤ ਹੋ ਰਹੀ ਹੈ।

ਅਮਰੀਕਾ ਨੇ ਆਪਣੀ ਨੇਵੀ ਨੂੰ ਖਾੜੀ ਖੇਤਰ ਵਿੱਚ ਵਧਾਵਾ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਤੇਲ ਟੈਂਕਰਾਂ ਅਤੇ ਹੋਰ ਜਹਾਜ਼ਾਂ ਦੀ ਸੁਰੱਖਿਆ ਕੀਤੀ ਜਾ ਸਕੇ। ਟਰੰਪ ਨੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਈਰਾਨ ਖਿਲਾਫ ਫੌਜੀ ਕਾਰਵਾਈਆਂ ਅਗਲੇ ਚਾਰ ਤੋਂ ਪੰਜ ਹਫ਼ਤਿਆਂ ਤੱਕ ਜਾਰੀ ਰਹਿਣਗੀਆਂ ਇਸ ਲਈ ਤੇਲ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋਣ ਦੀ ਉਮੀਦ ਹੈ ਅਤੇ ਦੇਸ਼ਾਂ ਨੂੰ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਊਦੀ ਅਰਬ ਯੂਏਈ ਕੁਵੈਤ ਅਤੇ ਹੋਰ ਖਾੜੀ ਦੇਸ਼ ਵੀ ਈਰਾਨੀ ਹਮਲਿਆਂ ਤੋਂ ਬਚਾਅ ਲਈ ਆਪਣੀਆਂ ਰੱਖਿਆ ਵਿਵਸਥਾਵਾਂ ਮਜ਼ਬੂਤ ਕਰ ਰਹੇ ਹਨ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਯੁੱਧ ਬਾਰੇ ਚਿੰਤਾ ਜਤਾਈ ਹੈ ਅਤੇ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੱਲ ਲੱਭਣ ਉੱਤੇ ਜ਼ੋਰ ਦਿੱਤਾ ਹੈ। ਭਾਰਤ ਵਿੱਚ ਵੀ ਕਈ ਅੰਤਰਰਾਸ਼ਟਰੀ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਤੇਲ ਮਹਿੰਗਾ ਹੋਣ ਕਾਰਨ ਮਹਿੰਗਾਈ ਵਧਣ ਦਾ ਖ਼ਤਰਾ ਬਣਿਆ ਹੋਇਆ ਹੈ।

ਇਸ ਰਿਪੋਰਟ ਵਿੱਚ ਲਾਈਵ ਬਲੌਗ ਦੀ ਸਾ


## ਰੱਖ ਖੁਦਾ ਨੂੰ ਯਾਦ ਓ ਬੰਦਿਆ"



ਰੱਬ ਨੂੰ ਯਾਦ ਤੂੰ ਰੱਖ ਓਹ ਬੰਦਿਆ ਕਹਿੰਦੀ ਹੈ ਗੁਰਬਾਣੀ।
ਜਦੋਂ ਵੀ ਤੇਰੀ ਉਲਝ ਗਈ ਸਲਝਾਉਣੀ ਉਸਨੇ ਤਾਣੀ।
ਵਿੱਚ ਸੁੱਖ ਦੇ ਇਸ ਨੂੰ ਬੰਦਿਆ ਤੂੰ ਕਿਉਂ ਭੁਲਾਈ ਰੱਖਦਾ,
ਜੇਕਰ ਬਾਣੀ ਯਾਦ ਰੱਖੀ ਤੂੰ ਜ਼ਿੰਦਗੀ ਵਿੱਚ ਸੁੱਖ ਮਾਣੀਂ।
ਹੋਕੇ ਮਾਰ ਮਾਰ ਕੇ ਤੈਨੂੰ ਵੀਰਾ ਸੰਤ ਮਹਾਤਮਾ ਕਹਿੰਦੇ,
ਯਾਦ ਇਸ ਨੂੰ ਰੱਖ ਹਮੇਸ਼ਾਂ ਇਹ ਨਾ ਕਦੇ ਭੁਲਾਣੀ।
ਭਵਸਾਗਰ ਨੂੰ ਤਰਜੇਂਗਾ ਗਰ ਯਾਦ ਬਾਣੀ ਨੂੰ ਰੱਖਿਆ,
ਕਰ ਤੁਹੱਈਆ ਯਾਦ ਰੱਖਣ ਦਾ ਪੈਣੀ ਇਹ ਨਿਭਾਣੀ।
ਦੱਦਾਹੂਰੀਆ ਕਰ ਭਲਾਈ ਭਲਾ ਤੇਰਾ ਵੀ ਹੋਜੂਗਾ,
ਹੋ ਸਕਣਾ ਇਹ ਤਾਹੀਓਂ ਜੇਕਰ,ਪੱਕੀ ਦਿਲ ਵਿੱਚ ਠਾਣੀ।

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਕੀ ਕਰਾਂ ? (ਗੁਰਜੀਤ ਕੌਰ ਰਾਣੂ)



ਜੇ ਤੇਰਾ ਚੇਤਾ ਆਵੇ ਤਾਂ ਕੀ ਕਰਾ?
ਬਿਨ ਤੇਰੇ ਰੂਹ ਕੁਰਲਾਵੇ ਤਾਂ ਕੀ ਕਰਾ?

ਨੇੜੇ ਰਹਾਂ ਤੇਰੇ ਖੁਆਬਾਂ ਤੇ ਖ਼ਿਆਲ ਚ,
ਜੇ ਨੀਂਦ ਹੀ ਨਾ ਆਵੇ ਦੱਸ ਕੀ ਕਰਾਂ?

ਹਰ ਪਲ ਮੇਰੇ ਸਾਹਾਂ ਚ ਰਹਿਣਾਂ ਤੂੰ,
ਤੇਰੇ ਸਾਹਾਂ ਦੀ ਮਹਿਕ ਸਤਾਵੇ ਕੀ ਕਰਾਂ?

ਮਹਿਸੂਸ ਕਰਦੀ ਏਨਾ ਹਵਾਵਾਂ ਚ ਏ ਤੂੰ,
ਪੌਣ ਤੇਰਾ ਨਾਮ ਲੈ ਛੋਹ ਜਾਵੇ ਤਾਂ ਕੀ ਕਰਾਂ ?

ਮੈਂ ਤਾਂ ਰਾਣੂ ਤੇਰੇ ਰੰਗ ਵਿੱਚ ਰੰਗੀ ਗਈ
ਦੁਨੀਆਂ ਤੇਰੇ ਨਾਮ ਲੈ ਬੁਲਾਵੇ ਤਾਂ ਕੀ ਕਰਾਂ?

ਗੁਰਜੀਤ ਕੌਰ ਰਾਣੂ.. ✍🏻

## (ਕਤਲ ਬੱਚੀਆਂ)



ਟਰੰਪ ਨੇ ਮਿਜ਼ਾਈਲਾਂ ਤੇ ਬੰਬ ਸੁੱਟ ਕੇ,
ਮਾਰ ਦਿੱਤੀਆਂ 165 ਸਕੂਲੀ ਬੱਚੀਆਂ।

ਹਰੇਕ ਨੂੰ ਲੱਗਣ ਸੋਹਣੀਆਂ ਤੇ ਪਿਆਰੀਆ,
ਅੱਖਾਂ ਤੋ ਬਿੱਲੀਆਂ ਤੇ ਵਾਲਾ ਤੋ ਕੱਕੀਆਂ।

ਬੱਚਿਆਂ ਤੇ ਜਾਨਵਰ ਵੀ ਹਮਲਾ ਨਹੀਂ ਕਰਦੇ,
ਨਾਜਕ ਸਰੀਰ ਤੇ ਦਿੱਲ ਦੀਆ ਸੱਚੀਆਂ।

ਮਾਪਿਆਂ ਦੇ ਘਰ ਬੇਚਰਾਗ ਕਰ ਦਿੱਤੇ,
ਕਈ ਮਰ ਗਈਆ ਦੋਵੇਂ ਭੈਣਾਂ ਸੱਕੀਆ।

ਸੋਹਣੇ ਫੁੱਲ ਖਿੜਨ ਤੋ ਪਹਿਲਾ ਮਸਲ ਦਿੱਤੇ,
ਬੇਰਹਿਮੀ ਨਾਲ ਤੋੜ ਦਿੱਤੀਆਂ ਲਗਰਾ ਕੱਚੀਆਂ।

ਸਾਰੇ ਸੰਸਾਰ ਦੀਆਂ ਅੱਖਾਂ ਛੱਮ-ਛੱਮ ਰੋਈਆਂ,
ਜਦੋਂ ਉਹਨਾਂ ਦੀਆਂ ਲਾਸਾਂ ਅੱਖੀਆਂ ਨੇ ਤੱਕੀਆਂ।

ਜ਼ਾਲਮਾਂ ਤੇਰੇ ਕਹਿਰ ਦੀ ਅਖੀਰ ਹੋ ਗਈ,
ਕਹਿਰ ਦੀਆ ਚਾਰੇ-ਪਾਸੇ ਹਾਹਾਕਾਰਾਂ ਮੱਚੀਆਂ।

ਹਾਕਮਾਂ ਲੜਾਈ ਦੇ ਵੀ ਕਨੂੰਨ ਕਾਇਦੇ ਹੁੰਦੇ,
ਸਭ ਖਲਕਤਾਂ ਰਹਿ ਗਈਆ ਹੱਕੀਆਂ ਬੱਕੀਆਂ।

ਹਿੰਦ ਦੇ ਹਾਕਮਾਂ ਨੇ ਇਕ ਸਬਦ ਵੀ ਨਾ ਬੋਲਿਆ,
ਕਹਿਣ ਸਾਡੀਆਂ ਟਰੰਪ ਨਾਲ ਯਾਰੀਆਂ ਪੱਕੀਆਂ।

ਲੋਕਾਂ ਨਾਲੋ ਟਰੰਪ ਦੇ ਵਿਉਪਾਰ ਨੂੰ ਖੁੱਲ ਦਿੱਤੀ,
ਖਾਰੇ ਵਾਲਿਆਂ ਰਹਿਣ ਦੇ ਗੱਲਾਂ ਢੱਕੀਆਂ।
ਮਾਰ ਦਿੱਤੀਆਂ 165 ਸਕੂਲੀ ਬੱਚੀਆਂ।

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਕਦੀ ਕਦੀ ਛੋਟੇ ਲਾਲਚ ਵੱਡੀਆਂ ਹਾਰਾਂ ਦਾ ਕਾਰਨ ਬਣਦੇ ਹਨ



ਕਦੀ ਕਦੀ ਛੋਟੇ ਲਾਲਚ ਵੱਡੀਆਂ ਹਾਰਾਂ ਦਾ ਕਾਰਨ ਬਣਦੇ ਹਨ। ਜਦੋਂ ਅਸੀਂ ਆਪਣੀ ਜਿੱਤ ਤੇ ਕੇਂਦਰਿਤ ਹੋਈਏ ਤਾਂ ਅਕਸਰ ਇੱਕ ਵੱਡੀ ਹਾਰ ਸਾਹਮਣੇ ਖੜੀ ਹੁੰਦੀ ਹੈ। ਨਿੱਕੇ ਨਿੱਕੇ ਰਾਜੇ ਬੇਸ਼ੱਕ ਸੁਤੰਤਰ ਰੂਪ ਵਿੱਚ ਆਪਣਾ ਰਾਜ ਚਲਾਉਂਦੇ ਹਨ ਪਰ ਇੱਕ ਸਮਰਾਜ ਦੀ ਸਥਾਪਨਾ ਲਈ ਉਹਨਾਂ ਨੂੰ ਆਪਣੇ ਹਿੱਤਾਂ ਦੀ ਬਲੀ ਦੇਣੀ ਪੈਂਦੀ ਹੈ। ਨਿੱਕੇ ਨਿੱਕੇ ਸੁਤੰਤਰ ਰਾਜਾਂ ਤੋਂ ਕਿਸੇ ਨੂੰ ਕੋਈ ਡਰ ਨਹੀਂ ਹੁੰਦਾ ਪਰ ਇੱਕ ਸਾਮਰਾਜ ਤੋਂ ਸ਼ਕਤੀਸ਼ਾਲੀ ਸਾਮਰਾਜ ਤੋਂ ਹਰ ਕੋਈ ਡਰਦਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਆਪਣੇ ਆਪਣੇ ਹਿੱਤਾਂ ਲਈ ਨਿੱਕੀਆਂ ਨਿੱਕੀਆਂ ਜਿੱਤਾਂ ਪ੍ਰਾਪਤ ਕਰ ਜਸ਼ਨ ਮਨਾਉਣ ਵਾਲੇ ਇਹ ਨਹੀਂ ਜਾਣਦੇ ਕਿ ਉਹਨਾਂ ਦੀ ਹੋਂਦ ਨੂੰ ਖਤਰਾ ਹੁੰਦਾ ਹੈ। ਜੇਕਰ ਵਿਰੋਧੀ ਤਾਕਤ ਵਾਲਾ ਹੋਵੇ ਤਾਂ ਛੋਟੀਆਂ ਜੇਤੂ ਧਿਰਾਂ ਦੀ ਪਰਵਾਹ ਨਹੀਂ ਕਰਦਾ।

ਹਿੰਦੁਸਤਾਨ ਲੰਬੇ ਸਮੇਂ ਤੱਕ ਗੁਲਾਮ ਵੀ ਇਸੇ ਲਈ ਰਿਹਾ ਕਿਉਂਕਿ ਇਸਨੇ ਕਦੇ ਵੀ ਏਕੇ ਦੀ ਤਾਕਤ ਨੂੰ ਨਹੀਂ ਪਛਾਣਿਆ। ਤਾਕਤਵਰ ਸਾਮਰਾਜ ਲਈ ਛੋਟੇ ਹਿੱਤਾਂ ਦੀ ਕੁਰਬਾਨੀ ਦੇਣੀ ਪੈਂਦੀ ਹੈ। ਐਵੇਂ ਤਾਂ ਨਹੀਂ ਕਿਹਾ ਜਾਂਦਾ ਏਕੇ ਵਿੱਚ ਬਰਕਤ ਹੁੰਦੀ ਹੈ ਜਾਂ ਏਕਤਾ ਵਿੱਚ ਬਲ ਹੈ।

ਇਕੱਲੀ ਇਕੱਲੀ ਲੱਕੜੀ ਨੂੰ ਹਰ ਕੋਈ ਤੋੜ ਲੈਂਦਾ ਹੈ ਪਰ ਲੱਕੜੀਆਂ ਦੇ ਗੁੱਟ ਨੂੰ ਤੋੜਨਾ ਸੌਖਾ ਨਹੀਂ।

ਜੀ ਹਾਂ ਮੈਂ ਬਿਲਕੁਲ ਸਾਹਿਤ ਅਕਾਦਮੀ ਦੀਆਂ ਚੋਣਾਂ ਬਾਰੇ ਹੀ ਗੱਲ ਕਰ ਰਹੀ ਹਾਂ। ਜੇਕਰ ਛੋਟੇ ਅਹੁਦਿਆਂ ਤੇ ਸਰਬ ਸੰਮਤੀ ਨਾ ਕੀਤੀ ਹੁੰਦੀ ਤਾਂ ਜਿੱਤ ਬੜੀ ਸੌਖੀ ਸੀ। ਹਰ ਬੰਦੇ ਨੇ ਆਪਣੇ ਕੁਝ ਖਾਸ ਬੰਦੇ ਵੋਟਾਂ ਲਈ ਬੁਲਾਉਣੇ ਸਨ ਕਿਉਂਕਿ ਉਸ ਨੂੰ ਆਪਣੀ ਹੋਂਦ ਦਾ ਸਵਾਲ ਸੀ। ਕਿਸੇ ਨੇ ਇਹ ਨਹੀਂ ਸੋਚਿਆ ਕਿ ਜਦੋਂ ਸਾਡੇ ਪ੍ਰਧਾਨ ਦੇ ਨਾਂ ਤੇ ਸਹਿਮਤੀ ਨਹੀਂ ਬਣਦੀ ਤਾਂ ਫਿਰ ਅਸੀਂ ਇਹ ਗਿਣੀ ਮਿਥੀ ਜਿਹੀ ਸਰਬ ਸੰਮਤੀ ਕਿਉਂ ਕਰੀਏ? ਉਹਨਾਂ ਤਾਂ ਆਪਣਾ ਆਪਣਾ ਵੇਖਿਆ ਤੇ ਜਸ਼ਨ ਮਨਾ ਲਏ। ਸਮੱਸਿਆ ਹੁਣ ਇਹ ਹੈ ਕਿ ਸਿਰਫ ਇੱਕ ਅਹੁਦੇ ਦੀ ਚੋਣ ਲਈ ਕਿੰਨੇ ਕੁ ਲੋਕ ਵੋਟ ਪਾਉਣ ਆਉਣਗੇ? ਜਦੋਂ ਟੀਮ ਨੇ ਹੀ ਆਪਣੇ ਪ੍ਰਧਾਨ ਦਾ ਖਿਆਲ ਨਹੀਂ ਕੀਤਾ ਤਾਂ ਲੋਕਾਂ ਤੋਂ ਕਿਸ ਗੱਲ ਦੀ ਉਮੀਦ। ਸਿਆਸਤ ਸੂਝ ਬੂਝ ਨਾਲ ਚਲਦੀ ਹੈ। ਸਿਆਸਤਦਾਨ ਬੜਾ ਦੂਰਦਰਸ਼ੀ ਹੁੰਦਾ ਹੈ। ਉਹ ਹਮੇਸ਼ਾ ਵੱਡੀ ਪ੍ਰਾਪਤੀ ਲਈ ਛੋਟੇ ਹਿੱਤਾਂ ਦੀ ਬਲੀ ਦਿੰਦਾ ਹੈ। ਹੁਣ ਸਥਿਤੀ ਅਜਿਹੀ ਹੈ ਕਿ ਕੁਝ ਲੋਕਾਂ ਦਾ ਕਹਿਣਾ ਹੈ ਦੂਜੀ ਧਿਰ ਕਿਸੇ ਖਾਸ ਵਿਚਾਰਧਾਰਾ ਨਾਲ ਸੰਬੰਧਿਤ ਹੈ। ਪਰ ਪਹਿਲੀ ਧਿਰ ਵੀ ਕਿਸੇ ਵਿਚਾਰਧਾਰਾ ਨਾਲ ਹੀ ਸੰਬੰਧਿਤ ਹੈ। ਇਹ ਕਿਤੇ ਨਾ ਕਿਤੇ ਦੋ ਸਿਆਸੀ ਵਿਚਾਰਧਾਰਾ ਦਾ ਟਕਰਾਅ ਹੈ। ਸਾਹਿਤ ਤੇ ਸਿਆਸਤ ਦਾ ਕੋਈ ਮੇਲ ਨਹੀਂ ਹੋਣਾ ਚਾਹੀਦਾ। ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਇਸ ਵਿੱਚ ਸਿਆਸਤ ਵਾਲਾ ਗੰਧਲਾਪਣ ਨਹੀਂ ਹੋਣਾ ਚਾਹੀਦਾ।

ਤੁਸੀਂ ਵੇਖਿਆ ਹੋਵੇਗਾ ਕਿ ਮਾਹੌਲ ਬਿਲਕੁਲ ਰਾਜਨੀਤਿਕ ਚੋਣਾਂ ਵਾਲਾ ਹੈ। ਖਦਸ਼ੇ ਤੇ ਡਰ ਵੀ ਰਾਜਨੀਤਿਕ ਚੋਣਾਂ ਵਾਲੇ ਹਨ।

ਇਸ ਲਈ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੋ।


ਇਹ ਨਾ ਸੋਚੋ ਜੇ ਕੋਈ ਵੀ ਜਿੱਤ ਜਾਵੇ ਸਾਨੂੰ ਕੀ ਫਰਕ ਪੈਂਦਾ ਹੈ। ਸਾਨੂੰ ਬਹੁਤ ਫਰਕ ਪਵੇਗਾ।

ਵਿਚਾਰਧਾਰਾ ਹੀ ਸਭ ਤੋਂ ਮਹੱਤਵਪੂਰਨ ਹੁੰਦੀ ਹੈ। । ਕਿਸੇ ਸੰਸਥਾ ਦੇ ਮੁਖੀ ਦੀ ਵਿਚਾਰਧਾਰਾ ਹੀ ਫੈਸਲਾ ਕਰਦੀ ਹੈ ਕਿ ਸੰਸਥਾ ਕਿਸ ਉਦੇਸ਼ ਨੂੰ ਲੈ ਕੇ ਚੱਲੇਗੀ।

ਅਸੀਂ ਪੰਜਾਬੀ ਹਾਂ ਤੇ ਸਾਡੇ ਲਈ ਪੰਜਾਬੀਅਤ ਸਭ ਤੋਂ ਵੱਡਾ ਮੁੱਦਾ ਹੈ। ਪੰਜਾਬੀ ਭਾਸ਼ਾ ਦੀ ਬੇਹਤਰੀ ਲਈ ਕੰਮ ਕਰਨ ਲਈ ਸਾਨੂੰ ਵਚਨਬੱਧ ਹੋਣਾ ਚਾਹੀਦਾ ਹੈ।

ਇਸ ਲਈ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਜਰੂਰ ਕਰੋ। ਪੰਜਾਬੀ ਬਾਰੇ ਸੋਚ ਕੇ ਪੰਜਾਬੀ ਦੇ ਭਵਿੱਖ ਬਾਰੇ ਸੋਚ ਕੇ ਆਪਣੀ ਵੋਟ ਪਾਓ। ਲੇਖਕ : ਹਰਪ੍ਰੀਤ ਕੌਰ ਸੰਧੂ।

# ਫੜ ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ



ਕਿਵੇਂ ਨ ਸਕੀ ਰੋਕ, ਅਟਕ ਜੋ ਪਾਈ ਭੰਨੀਂ ।
ਤ੍ਰਿਖੇ ਅਪਣੇ ਵੇਗ, ਗਿਆ ਟੱਪ ਬੰਨੇ ਬੰਨੀਂ
....ਭਾਈ ਵੀਰ ਸਿੰਘ ਜੀ

ਇਨਸਾਨ ਦੁਨੀਆ ਤੇ ਇਕੱਲਾ ਆਉਂਦਾ ਹੈ ਅਤੇ ਇਕੱਲਾ ਹੀ ਜਾਂਦਾ ਹੈ ਜੇਕਰ ਜਿਉਂਦੇ ਜੀਅ ਉਸਨੂੰ ਕੋਈ ਸਰੀਰਕ ਦੁੱਖ ਆਉਂਦਾ ਹੈ ਤਾਂ ਉਹ ਵੀ ਉਸਨੂੰ ਇਕੱਲੇ ਨੂੰ ਸਹਿਣ ਕਰਨ ਪੈਂਦਾ ਹੈ ,ਰਿਸ਼ਤੇ ਨਾਤੇ ਤੁਹਾਡੇ ਸੁੱਖ ਦੁੱਖ ਵਿੱਚ ਆਸੇ ਪਾਸੇ ਕੋਲ ਬੈਠ ਸਕਦੇ ਹਨ ਪਰ ਉਸ ਦੁੱਖ ਦੀ ਪੀੜ ਕੋਈ ਨਹੀਂ ਵੰਡ ਸਕਦਾ ,ਡਾਕਟਰਾਂ ਲਈ ਤੁਸੀਂ ਇੱਕ ਬਾਡੀ ਹੋ ਓਹ ਤੁਹਾਡੇ ਤੇ ਤਜ਼ਰਬੇ ਕਰ ਕਰ ਵੇਖਦੇ ਹਨ ਕਿ ਕਿਹੜਾ ਇਲਾਜ਼ ਤੁਹਾਡੇ ਤੇ ਅਸਰ ਕਰੇਗਾ ,ਸਰੀਰ ਨੂੰ ਸੁਈਆਂ ਨਾਲ ਵਿੰਨੀ ਜਾਂਦੇ ਨੇ ਬਸ ਹਰ ਤਰ੍ਹਾਂ ਦਾ ਟੈਸਟ ਕਰਨਗੇ ਹਰ ਟੈਸਟ ਬਹੁਤ ਹੀ ਪੀੜਾਦਾਇਕ ਹੁੰਦਾ ਹੈ ਸੌਖਾ ਕੁੱਝ ਵੀ ਨਹੀਂ । ਜਿਉਂ ਜਿਉਂ ਸਰੀਰ ਉੱਮਰ ਦਾ ਪੜਾਅ ਪੂਰੇ ਕਰਦਾ ਜਾਂਦਾ ਹੈ ਤਿਉਂ ਤਿਉਂ ਬਿਮਾਰੀਆਂ ਸਰੀਰ ਨੂੰ ਜਕੜਨਾ ਸ਼ੁਰੂ ਹੋ ਜਾਂਦੀਆਂ ਹਨ,ਕੋਈ ਵਿਰਲਾ ਟਾਵਾਂ ਹੀ ਇਹਨਾਂ ਤੋਂ ਬਚਿਆ ਹੁੰਦਾ ਹੈ,ਮੇਰੇ ਮਾਤਾ ਜੀ ਹਸਪਤਾਲ ਦਾਖਿਲ ਹਨ ,ਬਜ਼ੁਰਗ ਨੇ ਹੁਣ ਬਹੁਤ ਤੇ ਨਾੜਾਂ ਲੱਭਦੀਆਂ ਨਹੀਂ, ਗੁਲੂਕੋਜ਼ ਲਗਾਉਣ ਲਈ ਸਾਰੀਆਂ ਬਾਹਾਂ ਵਿੰਨ ਛੱਡੀਆਂ ,ਏਨਾ ਦਿਲ ਦੁੱਖੀ ਹੋਇਆ ਵੇਖਕੇ , ਉਹਨਾਂ ਨੂੰ ਵੇਖਕੇ ਇਹ ਵਿਚਾਰ ਆਇਆ ਕਿ ਕਦੇ ਅਸੀਂ ਵੀ ਇਸ ਅਵਸਥਾ ਵਿੱਚ ਹੋਣਾ ,ਸਾਡੇ ਮਾਂ ਪਿਓ ਵੀ ਕਿਹੜੀ ਕਿਤੇ ਬੜੀ ਆਪਣੇ ਸੁਪਨਿਆਂ ਦੀ ਜ਼ਿੰਦਗੀ ਜੀਏ ਹੁੰਦੇ ਨੇ ਉਹ ਵੀ ਜਿੰਮੇਵਾਰੀਆਂ ਹੀ ਪੁਗਾਉਂਦੇ ਬੁੱਢੇ ਹੋ ਗਏ,ਜਿੰਮੇਵਾਰੀਆਂ ਹੀ ਨਹੀਂ ਇਨਸਾਨ ਨੂੰ ਜਿਊਣ ਦਿੰਦੀਆਂ,ਮੈਂ ਤਾਂ ਕਦੀ ਕਦੀ ਸੋਚਦੀ ਕਿ ਮਨੁੱਖਾ ਜਨਮ ਕਿਸ ਮਨੋਰਥ ਲਈ ਹੈ ਗੁਰਬਾਣੀ ਦੇ ਮੁਤਾਬਿਕ ਅਸੀਂ ਨਾਮ ਜੱਪਣ ਲਈ ਆਏ ਤਾਂ ਹੀ ਸਾਡਾ ਜਨਮ ਸਫਲ ਹੁੰਦਾ ਫਿਰ ਆਹ ਵਾਧੂ ਦੇ ਕਾਹਦੇ ਝੁਮੇਲੇ ਆਪਣੇ ਦੁਆਲੇ ਪਾਈ ਫਿਰਦੇ ,ਭੱਜੇ ਹੀ ਫਿਰਦੇ ਅਸੀਂ ਸਾਰੇ ਪਤਾ ਨਹੀਂ ਕਿਹੜੀ ਦੌੜ ਲੱਗੀ ਨਾ ਸਰੀਰ ਦੀ ਕੋਈ ਸੰਭਾਲ ਨਾ ਜ਼ਿੰਦਗੀ ਦੇ ਅਸਲ ਮਨੋਰਥ ਦਾ ਕੋਈ ਖਿਆਲ ,ਅੰਤ ਵਿੱਚ ਮੱਲ ਬੈਠਦੇ ਬਿਸਤਰਾ ਨਾ ਨਾਮ ਜੱਪਿਆ ਜਾਂਦਾ ਤੇ ਨਾ ਕੋਈ ਹੋਰ ਕੰਮ ਕਰਨ ਜੋਗੇ , ਕਦੀ ਕਦੀ ਮੈਂ ਸੋਚਦੀ ਕਿ ਮੈਂ ਤੇ ਅਜੇ ਆਹ ਸਿੱਖਣਾ ਸੀ, ਔਹ ਸਿੱਖਣਾ ਸੀ ਪਰ ਆਸੇ ਪਾਸੇ ਵੇਖ ਵੇਖ ਲੱਗਦਾ ਕਿ ਸਮੇਂ ਦਾ ਤੇ ਕੋਈ ਪਤਾ ਹੀ ਨਹੀਂ ਲੱਗਾ ਕਿਹੜੇ ਵੇਲੇ ਰੇਤ ਵਾਂਗਰਾਂ ਮੁੱਠੀ ਚੋਂ ਕਿਰ ਗਿਆ ਅਤੇ ਖਾਬ ਤੇ ਅਜੇ ਬਹੁਤ ਸਾਰੇ ਅਧੂਰੇ ਹੀ ਨੇ ਸੋ ਕਹਿਣ ਦਾ ਭਾਵ ਹੈ ਕਿ ਉਡੀਕਦੇ ਨਾ ਰਹੋ ਅੱਜ ਕਰਾਂਗੇ ਕੱਲ੍ਹ ਕਰਾਂਗੇ ਜੋ ਦਿਲ ਵਿੱਚ ਕੋਈ ਰੀਝ ਹੈ ਪੂਰੀ ਕਰ ਲੈਣੀ ਚਾਹੀਦੀ ਸਮਾਂ ਬਹੁਤ ਤੇਜ਼ ਚਾਲੇ ਚੱਲਦਾ ਹੈ ਇਹਨੂੰ ਕੋਈ ਨਹੀਂ ਫੜ ਸਕਿਆ , ਜੋ ਬਚਿਆ ਖੁਚਿਆ ਇਸਨੂੰ ਸਾਂਭ ਲੈਣਾ ਚਾਹੀਦਾ।✍️ਹਰਵਿੰਦਰ ਕੌਰ ਕਾਹਲੋਂ

# ਮਿੰਨੀ ਕਹਾਣੀ - ਫਰਜ਼



ਪਿੰਡ ਦੇ ਘਰ ਵਿੱਚ ਜਗਤਾਰ ਤੇ ਉਹਦੀ ਘਰਵਾਲੀ ਕਿਰਨ ਦਾ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦਾ। ਕਿਰਨ ਸਾਰਾ ਦਿਨ ਰਸੋਈ ਦੇ ਧੂੰਏਂ, ਚਾਹ-ਪਾਣੀ ਅਤੇ ਘਰ ਆਏ-ਗਏ ਦੀ ਸੇਵਾ ਵਿੱਚ ਲੱਗੀ ਰਹਿੰਦੀ। ਬੇਬੇ-ਬਾਪੂ ਦੇ ਕੱਪੜੇ ਧੋਣੇ ਹੋਣ ਜਾਂ ਵੇਲੇ ਸਿਰ ਉਹਨਾਂ ਦੇ ਹੱਥ ਵਿੱਚ ਰੋਟੀ ਫੜਾਉਣੀ, ਕਿਰਨ ਦਾ ਸਾਰਾ ਦਿਨ ਇਹਨਾਂ ਨਿੱਕੇ-ਨਿੱਕੇ ਕੰਮਾਂ ਵਿੱਚ ਹੀ ਲੰਘ ਜਾਂਦਾ। ਪਰ ਇਹ ਸਭ ਇੰਨਾ ਰੋਜ਼ਾਨਾ ਦਾ ਕੰਮ ਬਣ ਗਿਆ ਸੀ ਕਿ ਕਿਸੇ ਨੂੰ ਇਹ ਮਹਿਸੂਸ ਹੀ ਨਹੀਂ ਸੀ ਹੁੰਦਾ ਕਿ ਕੋਈ ਹੱਡ ਗਾਲ਼ ਰਿਹਾ ਹੈ। ਦੂਜੇ ਪਾਸੇ ਛੋਟਾ ਪੁੱਤਰ ਕੁਲਦੀਪ ਮਹੀਨੇ ਬਾਅਦ ਸ਼ਹਿਰੋਂ ਗੇੜਾ ਮਾਰਦਾ। ਉਹ ਆਉਂਦਾ ਤਾਂ ਬਾਪੂ ਲਈ ਕੋਈ ਸਸਤਾ ਜਿਹਾ ਤੌਲੀਆ ਜਾਂ ਬੇਬੇ ਲਈ ਮਾੜੀ-ਮੋਟੀ ਚੀਜ਼ ਲੈ ਆਉਂਦਾ। ਉਹਨਾਂ ਦੇ ਆਉਣ 'ਤੇ ਘਰ ਵਿੱਚ ਜਿਵੇਂ ਤਿਉਹਾਰ ਵਰਗਾ ਮਾਹੌਲ ਬਣ ਜਾਂਦਾ। ਬਾਪੂ ਉਸੇ ਵੇਲੇ ਗੁਆਂਢੀਆਂ ਨੂੰ ਸੱਦ ਲੈਂਦਾ— "ਦੇਖੋ ਬਈ, ਕੁਲਦੀਪ ਆਇਆ ਹੈ, ਸ਼ਹਿਰੋਂ ਮੇਰੇ ਲਈ ਖ਼ਾਸ ਸੁਗਾਤ ਲੈ ਕੇ!" ਇੱਕ ਦਿਨ ਜਗਤਾਰ ਨੇ ਦੇਖਿਆ ਕਿ ਕਿਰਨ ਥੱਕੀ-ਟੁੱਟੀ ਰਸੋਈ ਵਿੱਚ ਕੰਮ ਕਰ ਰਹੀ ਸੀ। ਬਾਪੂ ਤੇ ਬੇਬੇ ਬੈਠੇ ਕੁਲਦੀਪ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹ ਰਹੇ ਸਨ ਕਿ ਕਿਵੇਂ ਉਹ ਇੰਨੀ ਦੂਰ ਰਹਿ ਕੇ ਵੀ ਉਹਨਾਂ ਦਾ "ਮੋਹ" ਕਰਦਾ ਹੈ। ਜਗਤਾਰ ਕੋਲੋਂ ਰਿਹਾ ਨਾ ਗਿਆ, ਉਹਨੇ ਹੌਲੀ ਜਿਹੀ ਕਿਹਾ, "ਬਾਪੂ ਜੀ, ਤੁਹਾਡਾ ਮੋਹ ਤਾਂ ਕਿਰਨ ਵੀ ਬਹੁਤ ਕਰਦੀ ਹੈ, ਸਾਰਾ ਦਿਨ ਤੁਹਾਡੀ ਸੇਵਾ ਵਿੱਚ ਹੀ ਤਾਂ ਰਹਿੰਦੀ ਹੈ।"

ਅੱਗੋਂ ਬਾਪੂ ਦੇ ਜਵਾਬ ਨੇ ਸਭ ਨੂੰ ਸੁੰਨ ਕਰ ਦਿੱਤਾ। ਬਾਪੂ ਬੜੇ ਰੁੱਖੇ ਲਹਿਜੇ ਵਿੱਚ ਬੋਲਿਆ, "ਤੁਸੀਂ ਤਾਂ ਸੇਵਾ ਕਰਕੇ ਸਾਡੇ 'ਤੇ ਜਿਵੇਂ ਅਹਿਸਾਨ ਕਰਦੇ ਹੋ। ਜੇ ਇੱਕ ਡੰਗ ਦੀ ਰੋਟੀ ਦੇ ਦਿੱਤੀ ਤਾਂ ਸਾਨੂੰ ਸੁਣਾਉਣ ਲੱਗ ਜਾਂਦੇ ਹੋ? ਜੇ ਤੁਹਾਨੂੰ ਇੰਨੀ ਤਕਲੀਫ਼ ਹੈ ਤਾਂ ਨਾ ਕਰਿਆ ਕਰੋ ਸਾਡੇ ਲਈ ਕੁਝ ਵੀ, ਅਸੀਂ ਮੰਗ ਕੇ ਨਹੀਂ ਖਾਂਦੇ ਤੁਹਾਡੇ ਤੋਂ। ਕੁਲਦੀਪ ਨੂੰ ਦੇਖੋ, ਉਹਨੇ ਕਦੇ ਜਤਾਇਆ ਨਹੀਂ ਕਿ ਉਹ ਸਾਡਾ ਕੀ ਕਰਦਾ ਹੈ।"

ਰਸੋਈ ਵਿੱਚ ਖੜ੍ਹੀ ਕਿਰਨ ਦੇ ਹੱਥ ਰੁਕ ਗਏ। ਉਸ ਨੂੰ ਅੱਥਰੂ ਕੇਰਨ ਦੀ ਲੋੜ ਨਹੀਂ ਸੀ, ਉਸ ਦਾ ਚਿਹਰਾ ਹੀ ਦੱਸ ਰਿਹਾ ਸੀ ਕਿ ਉਸ ਦੀ ਸਾਲਾਂ ਦੀ ਸੇਵਾ ਨੂੰ ਇੱਕ ਪਲ ਵਿੱਚ "ਅਹਿਸਾਨ" ਦਾ ਨਾਂ ਦੇ ਕੇ ਮਿੱਟੀ ਕਰ ਦਿੱਤਾ ਗਿਆ ਸੀ।

ਜਗਤਾਰ ਸਮਝ ਗਿਆ ਸੀ ਕਿ ਜਿਹੜਾ ਰੋਜ਼ ਸਾਹਮਣੇ ਹੈ, ਉਸ ਦੀ ਮਿਹਨਤ ਸਿਰਫ਼ ਇੱਕ 'ਡਿਊਟੀ' ਹੈ, ਪਰ ਜਿਹੜਾ ਦੂਰ ਬੈਠਾ ਕਦੇ-ਕਦੇ ਫ਼ੋਨ ਕਰ ਲੈਂਦਾ ਹੈ, ਉਸ ਦਾ ਰੁੱਖਾ ਬੋਲ ਵੀ ਮਾਪਿਆਂ ਨੂੰ 'ਮੋਹ' ਜਾਪਦਾ ਹੈ। ਕਿਰਨ ਨੇ ਚੁੱਪ-ਚਾਪ ਚਾਹ ਦੇ ਕੱਪ ਚੁੱਕੇ ਤੇ ਫਿਰ ਕੰਮ ਵਿੱਚ ਜੁਟ ਗਈ, ਕਿਉਂਕਿ ਉਹ ਜਾਣਦੀ ਸੀ ਕਿ ਇੱਥੇ ਕਦਰ ਕੰਮ ਦੀ ਨਹੀਂ, ਸਿਰਫ਼ ਦੂਰੀ ਦੀ ਹੈ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

## ਪੰਜਾਬ ਪੰਜਾਬ ਵਿਚ ਵਕੀਲਾਂ ਲਈ ਵੱਡੀ ਰਾਹਤ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਤਿਹਾਸਕ ਫੈਸਲਾ

# ਪੰਜਾਬ ਦੇ ਵਕੀਲਾਂ ਨੂੰ ਮਾਨ ਸਰਕਾਰ ਦਾ ਵੱਡਾ ਤੋਹਫ਼ਾ! ਚੈਂਬਰਾਂ ਦੇ ਬਿਜਲੀ ਬਿੱਲ ਹੁਣ ਘਰੇਲੂ ਰੇਟਾਂ 'ਤੇ।



**ਪੰਜਾਬ** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇੱਕ ਵੱਡਾ ਅਤੇ ਲੋਕ-ਪੱਖੀ ਫੈਸਲਾ ਲੈਂਦਿਆਂ ਸੂਬੇ ਭਰ ਦੇ ਵਕੀਲਾਂ ਦੇ ਚੈਂਬਰਾਂ ਨੂੰ ਘਰੇਲੂ ਬਿਜਲੀ ਟੈਰਿਫ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਫੈਸਲੇ ਨਾਲ ਵਕੀਲ ਭਾਈਚਾਰੇ ਨੂੰ ਲਗਭਗ 3.59 ਕਰੋੜ ਰੁਪਏ ਦੀ ਸਿੱਧੀ ਆਰਥਿਕ ਰਾਹਤ ਮਿਲੇਗੀ। ਇਹ ਫੈਸਲਾ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (PSERC) ਵੱਲੋਂ ਵਿੱਤੀ ਸਾਲ 2026-27 ਲਈ ਜਾਰੀ ਟੈਰਿਫ ਆਰਡਰ ਵਿਚ ਲਿਆ ਗਿਆ ਹੈ। ਹੁਣ 1 ਅਪ੍ਰੈਲ 2026 ਤੋਂ ਵਕੀਲਾਂ ਦੇ ਚੈਂਬਰਾਂ ਵਿਚ ਬਿਜਲੀ ਦੇ ਬਿੱਲ ਘਰੇਲੂ ਦਰਾਂ ਅਨੁਸਾਰ ਆਉਣਗੇ। ਇਸ ਨਾਲ ਪਹਿਲਾਂ ਵਾਲੀ ਗੈਰ-ਰਿਹਾਇਸ਼ੀ ਸਪਲਾਈ (NRS) ਤੋਂ ਬਦਲ ਕੇ ਘਰੇਲੂ ਸਪਲਾਈ (DS) ਸ਼੍ਰੇਣੀ ਵਿਚ ਲਿਆਂਦਾ ਗਿਆ ਹੈ।

ਇਸ ਫੈਸਲੇ ਤੋਂ ਬਾਅਦ ਵਕੀਲ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਲੰਬੇ ਸਮੇਂ ਤੋਂ ਵਕੀਲਾਂ ਦੀ ਚਿਰੋਕਣੀ ਮੰਗ ਸੀ ਕਿ ਉਨ੍ਹਾਂ ਦੇ ਚੈਂਬਰਾਂ ਨੂੰ ਵਪਾਰਕ ਜਾਂ ਗੈਰ-ਰਿਹਾਇਸ਼ੀ ਟੈਰਿਫ ਤੋਂ ਬਚਾਇਆ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਚੈਂਬਰ ਕੋਈ ਦੁਕਾਨ ਜਾਂ ਫੈਕਟਰੀ ਨਹੀਂ ਹੈ, ਸਗੋਂ ਨਿਆਂ ਪ੍ਰਣਾਲੀ ਨਾਲ ਜੁੜਿਆ ਇੱਕ ਬੌਧਿਕ ਅਤੇ ਪੇਸ਼ਾਵਰ ਕਾਰਜ ਸਥਾਨ ਹੈ। ਹਰ ਮਹੀਨੇ ਵੱਧ ਬਿਜਲੀ ਬਿੱਲ ਆਉਣ ਕਾਰਨ ਵਕੀਲਾਂ ਉੱਤੇ ਵੱਡਾ ਆਰਥਿਕ ਬੋਝ ਪੈ ਰਿਹਾ ਸੀ। ਹੁਣ ਇਸ ਫੈਸਲੇ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ ਅਤੇ ਉਹ ਲੋਕਾਂ ਦੀ ਬਿਹਤਰ ਸੇਵਾ ਕਰ ਸਕਣਗੇ।

ਇਸ ਮੰਗ ਨੂੰ ਆਮ ਆਦਮੀ ਪਾਰਟੀ ਦੇ ਲੀਗਲ ਵਿੰਗ ਅਤੇ ਨਾਭਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੁੰਗੋ ਵੱਲੋਂ ਬਹੁਤ ਲੰਬੇ ਸਮੇਂ ਤੋਂ ਉਠਾਇਆ ਜਾ ਰਿਹਾ ਸੀ। ਉਨ੍ਹਾਂ ਦੀ ਅਗਵਾਈ ਵਿਚ ਇੱਕ ਡੈਲੀਗੇਸ਼ਨ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕੀਤੀ ਅਤੇ ਇਸ ਮਸਲੇ ਨੂੰ ਉਨ੍ਹਾਂ ਸਾਹਮਣੇ ਰੱਖਿਆ। ਮੁੱਖ ਮੰਤਰੀ ਨੇ ਇਸ ਮੰਗ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਮਨਜ਼ੂਰ ਕਰ ਲਿਆ ਅਤੇ ਵਕੀਲ ਭਾਈਚਾਰੇ ਨੂੰ ਰਾਹਤ ਦੇਣ ਦਾ ਫੈਸਲਾ ਕੀਤਾ। ਐਡਵੋਕੇਟ ਗਿਆਨ ਸਿੰਘ ਮੁੰਗੋ ਨੇ ਇਸ ਫੈਸਲੇ ਨੂੰ ਮੁੱਖ ਮੰਤਰੀ ਦੀ ਲੋਕ-ਪੱਖੀ ਅਤੇ ਦੂਰਅੰਦੇਸ਼ੀ ਲੀਡਰਸ਼ਿਪ ਦਾ ਪ੍ਰਮਾਣ ਦੱਸਿਆ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਨੇ ਵਕੀਲਾਂ ਦੀਆਂ ਸਮੱਸਿਆਵਾਂ ਨੂੰ ਨਾ ਸਿਰਫ ਸੁਣਿਆ ਬਲਕਿ ਉਸਦਾ ਹੱਲ ਵੀ ਕਰ ਦਿੱਤਾ। ਇਸ ਫੈਸਲੇ ਤੋਂ ਬਾਅਦ ਸੂਬੇ ਭਰ ਦੇ ਵਕੀਲਾਂ ਦਾ ਵੱਡਾ ਕਾਫਲਾ ਜਲਦੀ ਹੀ ਮੁੱਖ ਮੰਤਰੀ ਨੂੰ ਮਿਲ ਕੇ ਧੰਨਵਾਦ ਅਦਾ ਕਰੇਗਾ।ਪ੍ਰਧਾਨ ਬਾਰ ਐਸੋਸੀਏਸ਼ਨ ਸਮਾਣਾ ਅਤੇ ਹੋਰ ਬਾਰ ਐਸੋਸੀਏਸ਼ਨਾਂ ਨੇ ਵੀ ਇਸ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਚੈਂਬਰਾਂ ਦੇ ਬਿਜਲੀ ਬਿੱਲ ਇੰਨੇ ਵੱਧ ਆਉਂਦੇ ਸਨ ਕਿ ਵਕੀਲਾਂ ਲਈ ਉਨ੍ਹਾਂ ਨੂੰ ਚਲਾਉਣਾ ਮੁਸ਼ਕਲ ਹੋ ਰਿਹਾ ਸੀ। ਹੁਣ ਘਰੇਲੂ ਟੈਰਿਫ ਲਾਗੂ ਹੋਣ ਨਾਲ ਬਿੱਲ ਵਿਚ ਕਾਫੀ ਕਮੀ ਆਵੇਗੀ। ਇਸ ਨਾਲ ਵਕੀਲ ਭਾਈਚਾਰਾ ਹੋਰ ਮਜ਼ਬੂਤ ਹੋਵੇਗਾ ਅਤੇ ਨਿਆਂ ਪ੍ਰਣਾਲੀ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਦੇਵੇਗਾ। ਆਮ ਆਦਮੀ ਪਾਰਟੀ ਦੇ ਲੀਗਲ ਵਿੰਗ ਨੇ ਵੀ ਇਸ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਇਤਿਹਾਸਕ ਦੱਸਿਆ ਹੈ। ਉਨ੍ਹਾਂ ਅਨੁਸਾਰ ਇਹ ਫੈਸਲਾ ਪੰਜਾਬ ਸਰਕਾਰ ਵੱਲੋਂ ਵਕੀਲਾਂ ਪ੍ਰਤੀ ਸੰਵੇਦਨਸ਼ੀਲ ਰਵਈਏ ਨੂੰ ਦਰਸਾਉਂਦਾ ਹੈ। ਇਸ ਫੈਸਲੇ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ (PSPCL) ਦੇ ਸਾਲਾਨਾ ਮਾਲੀਏ ਵਿਚ ਲਗਭਗ 3.59 ਕਰੋੜ ਰੁਪਏ ਦੀ ਕਮੀ ਆਉਣ ਦੀ ਉਮੀਦ ਹੈ, ਪਰ ਸਰਕਾਰ ਨੇ ਜਨਤਕ ਹਿੱਤ ਅਤੇ ਕਾਨੂੰਨੀ ਪੇਸ਼ੇ ਦੀ ਭਲਾਈ ਨੂੰ ਪਹਿਲ ਦਿੱਤੀ ਹੈ। ਇਹ ਫੈਸਲਾ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਵਰਗ ਲਈ ਰਾਹਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਪਿਛਲੇ ਸਮੇਂ ਵਿਚ ਵੀ ਭਗਵੰਤ ਮਾਨ ਸਰਕਾਰ ਨੇ 300 ਯੂਨਿਟ ਮੁਫਤ ਬਿਜਲੀ, ਉਦਯੋਗਾਂ ਲਈ ਟੈਰਿਫ ਘਟਾਉਣ ਅਤੇ ਹੋਰ ਕਈ ਲੋਕ-ਪੱਖੀ ਯੋਜਨਾਵਾਂ ਚਲਾਈਆਂ ਹਨ। ਇਸ ਫੈਸਲੇ ਨਾਲ ਵਕੀਲ ਭਾਈਚਾਰਾ ਭਗਵੰਤ ਮਾਨ ਸਰਕਾਰ ਪ੍ਰਤੀ ਹੋਰ ਵਫਾਦਾਰ ਹੋਵੇਗਾ।

ਵਕੀਲਾਂ ਦੇ ਚੈਂਬਰ ਬਾਰ ਕਾਉਂਸਲ ਆਫ ਪੰਜਾਬ ਐਂਡ ਹਰਿਆਣਾ ਵਿਚ ਰਜਿਸਟਰਡ ਹਨ ਅਤੇ ਅਦਾਲਤੀ ਕੰਪਲੈਕਸਾਂ ਵਿਚ ਸਥਿਤ ਹਨ। ਇਸ ਲਈ ਇਸ ਫੈਸਲੇ ਦਾ ਲਾਭ ਸਿੱਧਾ ਉਨ੍ਹਾਂ ਨੂੰ ਹੀ ਮਿਲੇਗਾ ਜਿਹੜੇ ਇਸ ਸ਼੍ਰੇਣੀ ਵਿਚ ਆਉਂਦੇ ਹਨ। ਇਸ ਨਾਲ ਛੋਟੇ ਵਕੀਲਾਂ ਨੂੰ ਵੀ ਵੱਡੀ ਰਾਹਤ ਮਿਲੇਗੀ ਜਿਨ੍ਹਾਂ ਲਈ ਪਹਿਲਾਂ ਬਿੱਲ ਭਰਨਾ ਚੁਣੌਤੀ ਬਣਿਆ ਹੋਇਆ ਸੀ। ਇਹ ਫੈਸਲਾ ਨਾ ਸਿਰਫ ਵਕੀਲਾਂ ਲਈ ਫਾਇਦੇਮੰਦ ਹੈ ਬਲਕਿ ਇਹ ਸਾਬਤ ਕਰਦਾ ਹੈ ਕਿ ਸਰਕਾਰ ਉਨ੍ਹਾਂ ਵਰਗਾਂ ਨੂੰ ਵੀ ਯਾਦ ਰੱਖਦੀ ਹੈ ਜਿਹੜੇ ਸਮਾਜ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਪਰ ਅਕਸਰ ਅਣਗੌਲਿਆਂ ਰਹਿ ਜਾਂਦੇ ਹਨ। ਸਮੁੱਚੇ ਤੌਰ ਉੱਤੇ ਇਹ ਫੈਸਲਾ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲਏ ਗਏ ਲੋਕ-ਪੱਖੀ ਫੈਸਲਿਆਂ ਦੀ ਲੜੀ ਵਿਚ ਇੱਕ ਹੋਰ ਕੜੀ ਹੈ। ਵਕੀਲ ਭਾਈਚਾਰਾ ਇਸ ਫੈਸਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੀ ਟੀਮ ਦਾ ਧੰਨਵਾਦ ਕਰ ਰਿਹਾ ਹੈ। ਇਸ ਤੋਂ ਬਾਅਦ ਵੀ ਸਰਕਾਰ ਵੱਲੋਂ ਹੋਰ ਵੀ ਕਈ ਰਾਹਤਾਂ ਦੀ ਉਮੀਦ ਹੈ। ਇਸ ਫੈਸਲੇ ਨਾਲ ਨਾ ਸਿਰਫ ਵਕੀਲਾਂ ਦੀ ਆਰਥਿਕ ਹਾਲਤ ਸੁਧਰੇਗੀ ਬਲਕਿ ਉਨ੍ਹਾਂ ਨੂੰ ਆਪਣੇ ਪੇਸ਼ੇ ਵਿਚ ਹੋਰ ਲਗਨ ਨਾਲ ਲੱਗਣ ਦਾ ਮੌਕਾ ਵੀ ਮਿਲੇਗਾ। ਪੰਜਾਬ ਸਰਕਾਰ ਵੱਲੋਂ ਇਹ ਇਤਿਹਾਸਕ ਫੈਸਲਾ ਵਕੀਲ ਭਾਈਚਾਰੇ ਲਈ ਇੱਕ ਨਵੀਂ ਸ਼ੁਰੂਆਤ ਸਾਬਤ ਹੋਵੇਗਾ।ਪ੍ਰਧਾਨ ਬਾਰ ਐਸੋਸੀਏਸ਼ਨ ਸਮਾਣਾ ਅਤੇ ਹੋਰ ਬਾਰ ਐਸੋਸੀਏਸ਼ਨਾਂ ਨੇ ਵੀ ਇਸ ਫੈਸਲੇ ਦਾ ਭਰਪੂਰ ਸਵਾਗਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਚੈਂਬਰਾਂ ਦੇ ਬਿਜਲੀ ਬਿੱਲ ਇੰਨੇ ਵੱਧ ਆਉਂਦੇ ਸਨ ਕਿ ਵਕੀਲਾਂ ਲਈ ਉਨ੍ਹਾਂ ਨੂੰ ਚਲਾਉਣਾ ਮੁਸ਼ਕਲ ਹੋ ਰਿਹਾ ਸੀ। ਹੁਣ ਘਰੇਲੂ ਟੈਰਿਫ ਲਾਗੂ ਹੋਣ ਨਾਲ ਬਿੱਲ ਵਿਚ ਕਾਫੀ ਕਮੀ ਆਵੇਗੀ। ਇਸ ਨਾਲ ਵਕੀਲ ਭਾਈਚਾਰਾ ਹੋਰ ਮਜ਼ਬੂਤ ਹੋਵੇਗਾ ਅਤੇ ਨਿਆਂ ਪ੍ਰਣਾਲੀ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਦੇਵੇਗਾ। ਆਮ ਆਦਮੀ ਪਾਰਟੀ ਦੇ ਲੀਗਲ ਵਿੰਗ ਨੇ ਵੀ ਇਸ ਫੈਸਲੇ ਦਾ ਸਵਾਗਤ ਕਰਦਿਆਂ ਇਸ ਨੂੰ ਇਤਿਹਾਸਕ ਦੱਸਿਆ ਹੈ। ਉਨ੍ਹਾਂ ਅਨੁਸਾਰ ਇਹ ਫੈਸਲਾ ਪੰਜਾਬ ਸਰਕਾਰ ਵੱਲੋਂ ਵਕੀਲਾਂ ਪ੍ਰਤੀ ਸੰਵੇਦਨਸ਼ੀਲ ਰਵਈਏ ਨੂੰ ਦਰਸਾਉਂਦਾ ਹੈ।

## ਪੰਜਾਬ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਦੋਵਾਂ ਆਗੂਆਂ ਨੇ ਗੁਰੂ ਚਰਨਾਂ 'ਚ ਕੀਤੀ ਅਰਦਾਸ



*ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਸਚਖੰਡ ਐਸਏਸੀ (ਸ੍ਰੀ ਅਕਾਲ ਤਖਤ ਸਾਹਿਬ ਕੰਪਲੈਕਸ ਜਾਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਾਲੀ ਥਾਂ) ਤੇ ਮੱਥਾ ਟੇਕ ਕੇ ਗੁਰੂ ਸਾਹਿਬਾਨ ਨੂੰ ਸ਼ਰਧਾਂਜਲੀ ਭੇਟ ਕੀਤੀ।*

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਸ੍ਰੀ ਅਕਾਲ ਤਖਤ ਸਾਹਿਬ ਕੰਪਲੈਕਸ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਮੱਥਾ ਟੇਕ ਕੇ ਗੁਰੂ ਸਾਹਿਬਾਨ ਨੂੰ ਸ਼ਰਧਾਂਜਲੀ ਭੇਟ ਕੀਤੀ। ਇਹ ਫੇਰੀ ਪਾਰਟੀ ਦੀਆਂ ਵੱਖ-ਵੱਖ ਗਤੀਵਿਧੀਆਂ ਅਤੇ ਪੰਜਾਬ ਵਾਸੀਆਂ ਦੀ ਭਲਾਈ ਲਈ ਖਾਸ ਮਹੱਤਵ ਰੱਖਦੀ ਹੈ। ਦੋਵਾਂ ਆਗੂਆਂ ਨੇ ਇਸ ਮੌਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕੀਤੀ ਅਤੇ ਪੰਜਾਬ ਦੀ ਖੁਸ਼ਹਾਲੀ, ਪੰਜਾਬੀਅਤ ਅਤੇ ਆਮ ਲੋਕਾਂ ਦੀ ਤਰੱਕੀ ਲਈ ਪ੍ਰਾਰਥਨਾ ਕੀਤੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸਵੇਰੇ ਹੀ ਅੰਮ੍ਰਿਤਸਰ ਪਹੁੰਚ ਕੇ ਦਰਬਾਰ ਸਾਹਿਬ ਵਿਚ ਵੀ ਮੱਥਾ ਟੇਕਿਆ ਸੀ। ਉਨ੍ਹਾਂ ਨੇ ਰੁਮਾਲਾ ਸਾਹਿਬ ਚੜ੍ਹਾਇਆ ਅਤੇ ਕੜ੍ਹਾਹ ਪ੍ਰਸਾਦ ਵੀ ਛਕਾਇਆ। ਇਸ ਫੇਰੀ ਦਾ ਉਦੇਸ਼ ਸਿੱਖ ਧਰਮ ਦੀਆਂ ਪਵਿਤਰ ਥਾਵਾਂ ਤੇ ਸ਼ਰਧਾ ਵਿਖਾਉਣਾ ਅਤੇ ਲੋਕਾਂ ਨਾਲ ਜੁੜੇ ਰਹਿਣਾ ਸੀ। ਆਪ ਪਾਰਟੀ ਦੇ ਵੱਡੇ ਆਗੂਆਂ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਫੇਰੀਆਂ ਪਾਰਟੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਬਣਾਉਂਦੀਆਂ ਹਨ ਅਤੇ ਲੋਕਾਂ ਵਿਚ ਵਿਸ਼ਵਾਸ ਵਧਾਉਂਦੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਕਿਹਾ, "ਗੁਰੂ ਸਾਹਿਬਾਨ ਦੀ ਇਹ ਪਵਿਤਰ ਧਰਤੀ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਅਸੀਂ ਇੱਥੇ ਆ ਕੇ ਆਪਣੇ ਆਪ ਨੂੰ ਗੁਰੂ ਜੀ ਦੇ ਚਰਨਾਂ ਵਿਚ ਸਮਰਪਿਤ ਕਰਦੇ ਹਾਂ। ਪੰਜਾਬ ਵਾਸੀਆਂ ਦੀ ਭਲਾਈ ਲਈ ਅਸੀਂ ਹਰ ਉਪਾਅ ਕਰ ਰਹੇ ਹਾਂ। ਆਪਣੀ ਸਰਕਾਰ ਵੱਲੋਂ ਚਲਾਈਆਂ ਗਈਆਂ ਯੋਜਨਾਵਾਂ ਜਿਵੇਂ ਘਰ-ਘਰ ਰੋਜ਼ਗਾਰ, ਮੁਫਤ ਬਿਜਲੀ, ਔਰਤਾਂ ਲਈ 1000 ਰੁਪਏ ਅਤੇ ਲੋਕਾਂ ਲਈ ਹੋਰ ਬਹੁਤ ਸਾਰੀਆਂ ਸਹੂਲਤਾਂ ਗੁਰੂ ਜੀ ਦੀਆਂ ਬਰਕਤਾਂ ਨਾਲ ਹੀ ਸਫਲ ਹੋ ਰਹੀਆਂ ਹਨ।" ਉਨ੍ਹਾਂ ਇਹ ਵੀ ਕਿਹਾ ਕਿ ਆਪ ਪਾਰਟੀ ਹਮੇਸ਼ਾ ਲੋਕਾਂ ਦੇ ਨਾਲ ਖੜ੍ਹੀ ਰਹੇਗੀ ਅਤੇ ਕੋਈ ਵੀ ਤਾਕਤ ਇਸ ਨੂੰ ਰੋਕ ਨਹੀਂ ਸਕਦੀ।




## ਕਪਤਾਨ ਸ਼ੁਭਮਨ ਗਿੱਲ ਲਈ ਵੱਡੀ ਖ਼ਬਰ! ਬੀਸੀਸੀਆਈ ਵੱਲੋਂ 'ਕ੍ਰਿਕਟਰ ਆਫ਼ ਦ ਈਅਰ' ਨਾਲ ਹੋਣਗੇ ਸਨਮਾਨਿਤ



ਭਾਰਤੀ ਕ੍ਰਿਕਟ ਟੀਮ ਦੇ ਟੈਸਟ ਤੇ ਇੱਕਦਿਨਾ ਕਪਤਾਨ ਸ਼ੁਭਮਨ ਗਿੱਲ ਨੂੰ ਬੋਰਡ ਆਫ਼ ਕੰਟਰੋਲ ਫਾਰ ਕ੍ਰਿਕੈਟ ਇਨ ਇੰਡੀਆ (ਬੀਸੀਸੀਆਈ) ਵੱਲੋਂ ਇਸ ਸਾਲ ਦਾ ਕ੍ਰਿਕਟਰ ਆਫ਼ ਦ ਈਅਰ ਐਵਾਰਡ ਦਿੱਤਾ ਜਾਵੇਗਾ। ਇਹ ਐਵਾਰਡ 15 ਮਾਰਚ 2026 ਨੂੰ ਦਿੱਲੀ ਵਿਚ ਹੋਣ ਵਾਲੀ ਬੀਸੀਸੀਆਈ ਦੀ ਐਨੂਅਲ ਨਾਮਨ ਅਵਾਰਡਜ਼ ਸਮਾਰੋਹ ਵਿਚ ਉਨ੍ਹਾਂ ਨੂੰ ਪ੍ਰਦਾਨ ਕੀਤਾ ਜਾਵੇਗਾ। ਇਹ ਖ਼ਬਰ ਆਈ ਹੈ ਕਿ ਗਿੱਲ ਨੇ 2025 ਦੇ ਸਾਲ ਵਿਚ ਟੈਸਟ ਤੇ ਇੱਕਦਿਨਾ ਫਾਰਮੇਟ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਭਾਵੇਂ ਉਨ੍ਹਾਂ ਨੂੰ ਟੀ-20 ਵਰਲਡ ਕੱਪ ਟੀਮ ਤੋਂ ਬਾਹਰ ਰੱਖਿਆ ਗਿਆ ਸੀ। ਸ਼ੁਭਮਨ ਗਿੱਲ, ਜੋ ਕਿ ਹੁਣ 26 ਸਾਲ ਦੇ ਹਨ, ਨੇ 2025 ਵਿਚ ਆਪਣੀ ਬੈਟਿੰਗ ਨਾਲ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਨੇ ਟੈਸਟ ਮੈਚਾਂ ਵਿਚ 983 ਰਨ ਬਣਾਏ, ਜਿਨ੍ਹਾਂ ਵਿਚੋਂ 754 ਰਨ ਇੰਗਲੈਂਡ ਵਿਚ ਖੇਡੀ ਗਈ ਡਰਾਅ ਸੀਰੀਜ਼ ਵਿਚ ਬਣਾਏ ਗਏ। ਇਸ ਟੂਰ ਉੱਤੇ ਉਨ੍ਹਾਂ ਦੀ ਔਸਤ 70 ਤੋਂ ਵੀ ਵੱਧ ਰਹੀ ਅਤੇ ਉਨ੍ਹਾਂ ਨੇ ਡਬਲ ਸੈਂਚੁਰੀ ਤੇ ਚਾਰ ਸੈਂਚੁਰੀਆਂ ਲਗਾਈਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਇੱਕ ਦਿਨਾ ਮੈਚਾਂ ਵਿਚ 490 ਰਨ ਬਣਾਏ, ਜਿਨ੍ਹਾਂ ਵਿਚ ਚੈਂਪੀਅਨਜ਼ ਟ੍ਰਾਫੀ ਵਿਚ ਭਾਰਤ ਦੀ ਖਿਤਾਬੀ ਮੁਹਿੰਮ ਵਿਚ 188 ਰਨ ਸ਼ਾਮਲ ਹਨ। ਕੁੱਲ ਮਿਲਾ ਕੇ ਗਿੱਲ ਨੇ ਤਿੰਨ ਫਾਰਮੈਟਾਂ ਵਿਚ 1764 ਰਨ ਬਣਾਏ, ਔਸਤ 49 ਰਹੀ ਅਤੇ ਇਸ ਦੌਰਾਨ ਉਨ੍ਹਾਂ ਨੇ 7 ਸੈਂਚੁਰੀਆਂ ਤੇ 3 ਅਰਧ-ਸੈਂਚੁਰੀਆਂ ਲਗਾਈਆਂ। ਟੀ-20 ਇੰਟਰਨੈਸ਼ਨਲ ਵਿਚ ਗਿੱਲ ਦਾ ਪ੍ਰਦਰਸ਼ਨ ਉਮੀਦ ਅਨੁਸਾਰ ਨਾ ਰਿਹਾ, ਇਸ ਲਈ ਉਨ੍ਹਾਂ ਨੂੰ ਟੀ-20 ਵਰਲਡ ਕੱਪ ਟੀਮ ਵਿਚ ਨਾ ਲਿਆ ਗਿਆ। ਉਨ੍ਹਾਂ ਨੇ ਏਸ਼ੀਆ ਕੱਪ ਤੋਂ ਟੀਮ ਵਿਚ ਵਾਪਸੀ ਕੀਤੀ ਅਤੇ ਵਾਈਸ ਕੈਪਟਨ ਵੀ ਬਣੇ, ਪਰ ਸੈਂਜੂ ਸੈਮਸਨ ਤੇ ਅਭਿਸ਼ੇਕ ਸ਼ਰਮਾ ਵਾਲੀ ਓਪਨਿੰਗ ਜੋੜੀ ਤੋੜਨੀ ਪਈ। ਗਿੱਲ ਨੇ 15 ਟੀ-20 ਮੈਚਾਂ ਵਿਚ 291 ਰਨ ਬਣਾਏ, ਔਸਤ 24.25 ਰਹੀ ਤੇ ਸਟ੍ਰਾਈਕ ਰੇਟ 137.26 ਰਿਹਾ। ਦੱਖਣੀ ਅਫ਼ਰੀਕਾ ਵਿਰੁੱਧ ਸੀਰੀਜ਼ ਵਿਚ ਉਨ੍ਹਾਂ ਨੇ ਸਿਰਫ਼ 32 ਰਨ ਹੀ ਬਣਾਏ ਤੇ ਆਖਰੀ ਟੀ-20 ਵਿਚ ਟੀਮ ਤੋਂ ਬਾਹਰ ਰਹੇ। ਇਸ ਤੋਂ ਬਾਅਦ ਸੈਮਸਨ ਤੇ ਈਸ਼ਾਨ ਕਿਸ਼ਨ ਨੇ ਵਰਲਡ ਕੱਪ ਵਿਚ ਭਾਰਤ ਨੂੰ ਖਿਤਾਬ ਬਚਾਉਣ ਵਿਚ ਵੱਡਾ ਯੋਗਦਾਨ ਦਿੱਤਾ। ਫਿਰ ਵੀ ਟੈਸਟ ਤੇ ਇੱਕਦਿਨਾ ਵਿਚ ਗਿੱਲ ਦਾ ਯੋਗਦਾਨ ਇੰਨਾ ਵੱਡਾ ਸੀ ਕਿ ਬੀਸੀਸੀਆਈ ਉਨ੍ਹਾਂ ਨੂੰ ਇਸ ਵੱਡੇ ਐਵਾਰਡ ਲਈ ਚੁਣਿਆ ਗਿਆ ਹੈ।

ਆਈਪੀਐੱਲ 2025 ਵਿਚ ਵੀ ਗਿੱਲ ਨੇ ਗੁਜਰਾਤ ਟਾਈਟਨਜ਼ ਲਈ 650 ਰਨ ਬਣਾਏ, ਔਸਤ 50 ਰਹੀ। ਇਹ ਉਨ੍ਹਾਂ ਦਾ ਦੂਜਾ ਸਭ ਤੋਂ ਵਧੀਆ ਸੀਜ਼ਨ ਰਿਹਾ। ਉਨ੍ਹਾਂ ਨੇ ਟੀਮ ਨੂੰ ਚੌਥੇ ਸਥਾਨ ਤੱਕ ਪਹੁੰਚਾਇਆ। ਆਈਪੀਐੱਲ 2026 ਵਿਚ ਵੀ ਗਿੱਲ ਗੁਜਰਾਤ ਟਾਈਟਨਜ਼ ਦੀ ਕਪਤਾਨੀ ਕਰਨਗੇ ਅਤੇ 31 ਮਾਰਚ ਨੂੰ ਪੰਜਾਬ ਕਿੰਗਜ਼ ਵਿਰੁੱਧ ਮੈਚ ਤੋਂ ਆਪਣੀ ਮੁਹਿੰਮ ਸ਼ੁਰੂ ਕਰਨਗੇ। ਇਸ ਤੋਂ ਉਨ੍ਹਾਂ ਨੂੰ ਟੀ-20 ਫਾਰਮ ਵਾਪਸ ਲਿਆਉਣ ਦੀ ਉਮੀਦ ਹੈ। ਇਸ ਐਵਾਰਡ ਸਮਾਰੋਹ ਵਿਚ ਹੋਰ ਵੀ ਇਨਾਮ ਵੰਡੇ ਜਾਣਗੇ। ਸਾਬਕਾ ਭਾਰਤੀ ਹੈੱਡ ਕੋਚ ਰਾਹੁਲ ਦ੍ਰਾਵਿਡ ਨੂੰ ਕੋਲ ਸੀ ਕੇ ਨਾਇਡੂ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਦਿੱਤਾ ਜਾਵੇਗਾ। ਉਨ੍ਹਾਂ ਨੇ ਭਾਰਤੀ ਕ੍ਰਿਕਟ ਨੂੰ ਬਹੁਤ ਯੋਗਦਾਨ ਦਿੱਤਾ ਤੇ 2024 ਟੀ-20 ਵਰਲਡ ਕੱਪ ਖਿਤਾਬ ਜਿੱਤਣ ਵਿਚ ਵੱਡੀ ਭੂਮਿਕਾ ਨਿਭਾਈ। ਮੁੰਬਈ ਕ੍ਰਿਕਟ ਐਸੋਸੀਏਸ਼ਨ (ਐੱਮਸੀਏ) ਨੂੰ ਡੋਮੈਸਟਿਕ ਕ੍ਰਿਕਟ ਵਿਚ ਬੈਸਟ ਐਸੋਸੀਏਸ਼ਨ ਦਾ ਐਵਾਰਡ ਮਿਲੇਗਾ। ਸ਼ੁਭਮਨ ਗਿੱਲ ਦਾ ਇਹ ਸਾਲ ਯਾਦਗਾਰੀ ਰਿਹਾ। ਉਨ੍ਹਾਂ ਨੇ ਇੰਗਲੈਂਡ ਟੂਰ ਉੱਤੇ ਆਪਣੀ ਪਹਿਲੀ ਟੈਸਟ ਕਪਤਾਨੀ ਵਿਚ ਟੀਮ ਨੂੰ 2-2 ਨਾਲ ਡਰਾਅ ਕਰਵਾਇਆ ਤੇ ਪਲੇਅਰ ਆਫ਼ ਦ ਸੀਰੀਜ਼ ਵੀ ਬਣੇ। ਉਨ੍ਹਾਂ ਨੇ ਐਸਈਐੱਨਏ ਦੇਸ਼ਾਂ ਵਿਚ ਭਾਰਤੀ ਕਪਤਾਨ ਵਜੋਂ ਪਹਿਲੀ ਡਬਲ ਸੈਂਚੁਰੀ ਵੀ ਲਗਾਈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇੱਕਦਿਨਾ ਵਿਚ ਤੇਜ਼ੀ ਨਾਲ 2000 ਰਨ ਪੂਰੇ ਕੀਤੇ ਸਨ ਤੇ ਇੱਕ ਸਾਲ ਵਿਚ ਪੰਜ ਸੈਂਚੁਰੀਆਂ ਵੀ ਲਗਾਈਆਂ ਸਨ। ਗਿੱਲ ਦੀ ਇਸ ਲਗਾਤਾਰ ਸਫਲਤਾ ਨੇ ਉਨ੍ਹਾਂ ਨੂੰ ਭਾਰਤੀ ਕ੍ਰਿਕਟ ਦਾ ਚਿਹਰਾ ਬਣਾ ਦਿੱਤਾ ਹੈ। ਇਸ ਐਵਾਰਡ ਤੋਂ ਬਾਅਦ ਗਿੱਲ ਨੂੰ ਹੋਰ ਵੀ ਉਤਸ਼ਾਹ ਮਿਲੇਗਾ। ਉਨ੍ਹਾਂ ਨੇ ਆਪਣੀ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਟੀ-20 ਵਿਚ ਵੀ ਵਾਪਸੀ ਕਰਨਗੇ ਤੇ ਭਾਰਤ ਨੂੰ ਭਵਿੱਖ ਵਿਚ ਵੀ ਖਿਤਾਬ ਜਿਤਾਉਣ ਲਈ ਯੋਗਦਾਨ ਦੇਣਗੇ। ਉਨ੍ਹਾਂ ਦੀ ਯੰਗ ਉਮਰ ਤੇ ਅਨੁਭਵ ਵਾਲੀ ਬੈਟਿੰਗ ਭਾਰਤੀ ਟੀਮ ਲਈ ਲੰਮੇ ਸਮੇਂ ਤੱਕ ਫਾਇਦੇਮੰਦ ਰਹੇਗੀ। ਬੀਸੀਸੀਆਈ ਵੱਲੋਂ ਇਸ ਐਵਾਰਡ ਨਾਲ ਗਿੱਲ ਨੂੰ ਉਨ੍ਹਾਂ ਦੇ 2025 ਵਾਲੇ ਸ਼ਾਨਦਾਰ ਪ੍ਰਦਰਸ਼ਨ ਦਾ ਇਨਾਮ ਮਿਲ ਰਿਹਾ ਹੈ। ਪੰਜਾਬ ਦੇ ਫਾਜ਼ਿਲਕਾ ਤੋਂ ਆਉਣ ਵਾਲੇ ਇਸ ਨੌਜਵਾਨ ਨੇ ਯੂ-19 ਵਿਸ਼ਵ ਕੱਪ ਜਿੱਤਣ ਤੋਂ ਲੈ ਕੇ ਭਾਰਤੀ ਟੀਮ ਵਿਚ ਆਉਣ ਤੱਕ ਇੱਕ ਲੰਮੀ ਯਾਤਰਾ ਤੈਅ ਕੀਤੀ ਹੈ। ਉਨ੍ਹਾਂ ਦੀਆਂ ਡਰਾਈਵਾਂ ਤੇ ਪੁੱਲ ਸ਼ਾਟਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵਾਇਰਲ ਰਹਿੰਦੀਆਂ ਹਨ। ਇੰਗਲੈਂਡ ਵਿਚ ਖੇਡਦਿਆਂ ਉਨ੍ਹਾਂ ਨੇ ਰਿਕਾਰਡ ਤੋੜੇ ਤੇ ਭਾਰਤੀ ਫੈਨਾਂ ਨੂੰ ਖੁਸ਼ੀ ਦਿੱਤੀ। ਚੈਂਪੀਅਨਜ਼ ਟ੍ਰਾਫੀ ਵਿਚ ਵੀ ਉਨ੍ਹਾਂ ਨੇ ਮੁਸ਼ਕਲ ਹਾਲਾਤ ਵਿਚ ਰਨ ਬਣਾਏ। ਇਸ ਐਵਾਰਡ ਸਮਾਰੋਹ ਵਿਚ ਬਹੁਤ ਸਾਰੇ ਪੁਰਾਣੇ ਤੇ ਨਵੀਂ ਪੀੜ੍ਹੀ ਦੇ ਖਿਡਾਰੀ ਹਾਜ਼ਰ ਹੋਣਗੇ। ਰਾਹੁਲ ਦ੍ਰਾਵਿਡ ਵਰਗੇ ਲੈਜੈਂਡ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ, ਜਿਸ ਨੇ ਭਾਰਤੀ ਕ੍ਰਿਕਟ ਨੂੰ ਨਵੀਂ ਉਚਾਈਆਂ ਤੱਕ ਪਹੁੰਚਾਇਆ। ਗਿੱਲ ਵੀ ਇਸ ਮੌਕੇ ਆਪਣੇ ਪਰਿਵਾਰ ਤੇ ਫੈਨਾਂ ਨਾਲ ਖੁਸ਼ੀ ਮਨਾਉਣਗੇ। ਉਨ੍ਹਾਂ ਨੂੰ ਇਹ ਐਵਾਰਡ ਮਿਲਣ ਨਾਲ ਭਾਰਤੀ ਕ੍ਰਿਕਟ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ।

## ਇੰਡਿਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਜ਼ਿਲ੍ਹਾ ਪੱਧਰੀ ਕਵਿਤਾ ਉਤਸਵ ਅਤੇ ਨਵੀਂ ਟੀਮ ਦੀ ਤਾਜਪੋਸ਼ੀ 29ਮਾਰਚ ਨੂੰ - ਜਸਵੀਰ ਸ਼ਰਮਾਂ ਦੱਦਾਹੂਰ






ਸ੍ਰੀ ਮੁਕਤਸਰ ਸਾਹਿਬ( ਜਸਵੀਰ ਸ਼ਰਮਾਂ ਦੱਦਾਹੂਰ ਪੰਜਾਬੀ ਮਾਂ ਬੋਲੀ ਤੇ ਸਾਹਿਤ ਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਸਾਰ ਦੇ ਮਨਸ਼ੇ ਨਾਲ ਦੇਸ਼ ਦੀ ਪ੍ਰਮੁੱਖ ਸੰਸਥਾ
ਇੰਡਕ ਆਰਟਸ ਵੈਲਫ਼ੇਅਰ ਕੌਂਸਲ ਵੱਲੋਂ ਸ਼੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਇਕਾਈ ਦੀ ਨਵੀਂ ਟੀਮ ਦੇ ਗਠਨ ਉਪਰਾਂਤ ਇਕ ਵਿਸ਼ਾਲ ਜ਼ਿਲ੍ਹਾ ਪੱਧਰੀ ਕਵਿਤਾ ਉਤਸਵ ਅਤੇ ਤਾਜਪੋਸ਼ੀ ਸਮਾਰੋਹ ਦਾ ਆਯੋਜਨ 29 ਮਾਰਚ ਦਿਨ ਐਤਵਾਰ ਨੂੰ ਸਥਾਨਕ ਸਿਟੀ ਹੋਟਲ ਸ੍ਰੀ ਮੁਕਤਸਰ ਸਾਹਿਬ ਦੇ ਡਾਇਮੰਡ ਹਾਲ ਵਿੱਚ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਆਯੋਜਿਤ ਕੀਤਾ ਜਾ ਰਿਹਾ ਹੈ ।

ਇਸ ਸਮਾਰੋਹ ਦੌਰਾਨ ਜ਼ਿਲ੍ਹਾ ਇਕਾਈ ਦੇ ਸਾਰੇ ਮਨੋਨੀਤ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ ਅਤੇ ਪ੍ਰਸਿੱਧ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਦਾ ਪਾਠ ਕਰਕੇ ਸਾਹਿਤਕ ਵਾਤਾਵਰਣ ਨੂੰ ਰੰਗਤ ਬਖ਼ਸ਼ੀ ਜਾਵੇਗੀ।

ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਅਜੈਬ ਸਿੰਘ ਰੁਪਾਣਾ, ਜਸਵੀਰ ਸ਼ਰਮਾ ਦੱਦਾਹੂਰ, ਚਮਕੌਰ ਸਿੰਘ ਥਾਂਦੇਵਾਲਾ, ਸਾਹਿਲ ਕੁਮਾਰ ਹੈਪੀ, ਉਪਕਾਰ ਸਿੰਘ, ਚਰਨਜੀਤ ਸਿੰਘ ਅਮਨ ਰੋਜਰ ਰੁਪਿੰਦਰ ਰਾਣਾ, ਹਰਪਿੰਦਰ ਮੋਹੀ, ਗੁਰਭੇਜ ਸਿੰਘ ਖੋਸਾ ਹੋਰਾਂ ਨੇ ਦੱਸਿਆ ਕਿ
ਸਮਾਗਮ ਵਿੱਚ ਸਮਾਜ ਦੇ ਪ੍ਰਮੁੱਖ ਬੁੱਧੀਜੀਵੀ, ਕਲਾ ਪ੍ਰੇਮੀ ਅਤੇ ਸਨਮਾਨਿਤ ਹਸਤੀਆਂ ਸ਼ਿਰਕਤ ਕਰਨਗੀਆਂ ।
ਸੰਸਥਾ ਦੇ ਚੇਅਰਮੈਨ ਬਾਈ ਭੋਲਾ ਯਮਲਾ ਨੇ ਗੱਲ ਕਰਦਿਆਂ ਦੱਸਿਆ ਕਿ
"ਸਾਡਾ ਮਕਸਦ ਕਲਾ ਅਤੇ ਸੱਭਿਆਚਾਰ ਨੂੰ ਸਮਾਜਿਕ ਜਾਗਰੂਕਤਾ ਅਤੇ ਨਵੀਂ ਪੀੜ੍ਹੀ ਦੀ ਰਹਿਨੁਮਾਈ ਦਾ ਮਜ਼ਬੂਤ ਸਾਧਨ ਬਣਾਉਣਾ ਹੈ। ਸ਼੍ਰੀ ਮੁਕਤਸਰ ਸਾਹਿਬ ਦੀ ਨਵੀਂ ਟੀਮ ਦੇ ਗਠਨ ਨਾਲ ਇਹ ਅਭਿਆਨ ਹੋਰ ਮਜ਼ਬੂਤੀ ਨਾਲ ਅੱਗੇ ਵਧੇਗਾ। ਅਸੀਂ ਹਰ ਕਲਾਕਾਰ ਅਤੇ ਸਾਹਿਤਕਾਰ ਨੂੰ ਮਾਣ ਅਤੇ ਮੰਚ ਪ੍ਰਦਾਨ ਕਰਨ ਲਈ ਪ੍ਰਤੀਬੱਧ ਹਾਂ।" ਇਸ ਮੌਕੇ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।ਸੱਦੇ ਪੱਤਰ ਵਾਲੇ ਕਵੀਆਂ ਨੂੰ ਬੇਨਤੀ ਹੈ ਕਿ ਸਮੇਂ ਤੇ ਪਹੁੰਚਣ ਤੇ ਸਮੇਂ ਦੀ ਨਜ਼ਾਕਿਤ ਨੂੰ ਸਮਝਦੇ ਹੋਏ ਆਪਣੀ ਰਚਨਾ ਬੋਲਣ ਜੀ।

## ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਝੰਡਾ ਲਹਿਰਾ ਕੇ ਕਾਲਜ ਦੀ ਸਾਲਾਨਾ ਐਥਲੈਟਿਕ ਮੀਟ ਦਾ ਸ਼ੁਭ ਆਰੰਭ ਕੀਤਾ ਗਿਆ।




**ਚੋਹਲਾ ਸਾਹਿਬ 12 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਮੌਜੂਦਾ ਸਮੇਂ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਇਹ ਕਾਲਜ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਇਲਾਕੇ ਵਿੱਚ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਵੀ ਬਹੁਤ ਸੁਚੱਜੇ ਢੰਗ ਨਾਲ ਨਿਭਾ ਰਿਹਾ ਹੈ। ਇਲਾਕੇ ਦੀ ਇਸ ਸਿਰਮੌਰ ਵਿਦਿਅਕ ਸੰਸਥਾ ਦਾ ਉਦੇਸ਼ ਕੇਵਲ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਵੀ ਖਾਸ ਧਿਆਨ ਦੇਣਾ ਹੈ।ਇਸੇ ਕੜੀ ਤਹਿਤ ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਦੀ ਗਰਾਊਂਡ ਵਿੱਚ ਕਰਵਾਈ ਜਾ ਰਹੀ ਐਥਲੈਟਿਕ ਮੀਟ ਦੇ ਵੱਖ-ਵੱਖ ਖੇਡ ਮੁਕਾਬਲਿਆਂ ਦਾ ਆਰੰਭ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਕੀਤਾ ਗਿਆ। ਮੁੱਖ ਮਹਿਮਾਨ ਵਜੋਂ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਖਿਡਾਰੀਆਂ ਵੱਲੋਂ ਕੀਤੀ ਗਈ ਮਾਰਚ ਪਾਸਟ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਝੰਡਾ ਲਹਿਰਾਇਆ ਗਿਆ ਅਤੇ ਆਕਾਸ਼ ਵਿੱਚ ਗੁਬਾਰੇ ਛੱਡ ਕੇ ਖੇਡਾਂ ਦਾ ਆਗਾਜ਼ ਕੀਤਾ ਗਿਆ। ਇਸ ਉਪਰੰਤ ਕਾਲਜ ਸ਼ਬਦ "ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ" ਦਾ ਗਾਇਨ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਵੱਲੋਂ ਖੇਡਾਂ ਦਾ ਰਸਮੀ ਉਦਘਾਟਨ ਕੀਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਬਹੁਤ ਜਰੂਰੀ ਹੈ, ਕਿਉਂਕਿ ਖੇਡਾਂ ਜਵਾਨੀ ਦੇ ਜੋਸ਼ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਸਭ ਨੂੰ ਅਪੀਲ ਕੀਤੀ ਕਿ ਗੁਰੂ ਆਸ਼ੇ ਅਨੁਸਾਰ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ ਜਾਵੇ।ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਸ੍ਰੀ ਹਰਜਿੰਦਰ ਸਿੰਘ ਬਿੱਲਿਆਂਵਾਲਾ, ਪ੍ਰਿੰਸੀਪਲ ਡਾ. ਜਸਬੀਰ ਸਿੰਘ ਅਤੇ ਪ੍ਰਬੰਧਕੀ ਕਮੇਟੀ ਦੇ ਸੀਨੀਅਰ ਮੈਂਬਰ ਸ੍ਰੀ ਜਸਵਿੰਦਰ ਸਿੰਘ ਮੋਹਨਪੁਰ, ਸ੍ਰੀ ਮਨਜੀਤ ਸਿੰਘ ਅਤੇ ਸ੍ਰੀ ਅਵਤਾਰ ਸਿੰਘ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਗਿਆ।ਐਥਲੈਟਿਕ ਮੀਟ ਵਿੱਚ ਜੇਤੂ ਖਿਡਾਰੀਆਂ ਨੂੰ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਅਤੇ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਵੱਲੋਂ ਕਾਲਜ ਦੇ ਪ੍ਰਿੰਸੀਪਲ ਡਾ. ਜਸਬੀਰ ਸਿੰਘ ਅਤੇ ਡੀ.ਪੀ.ਈ. ਡਾ. ਅਮਨਦੀਪ ਸਿੰਘ ਦੀ ਐਥਲੈਟਿਕ ਮੀਟ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਸ਼ਲਾਘਾ ਵੀ ਕੀਤੀ ਗਈ।ਸਟੇਜ ਦਾ ਸੰਚਾਲਨ ਪ੍ਰੋਫੈਸਰ ਪਰਮਵੀਰ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਬਲਜਿੰਦਰ ਸਿੰਘ ਫੀਲੋ, ਗੁਰਲਾਲ ਸਿੰਘ ਸਰਹਾਲੀ, ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਅਤੇ ਕੁਲਦੀਪ ਸਿੰਘ (ਪੰਚਿਮ ਫੀਲਿੰਗ ਸਟੇਸ਼ਨ) ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਸ਼ਹੀਦੀ ਸ਼ਤਾਬਦੀ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ



**ਚੋਹਲਾ ਸਾਹਿਬ 12 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਇਸ ਤਹਿਤ ਹੀ ਅੱਜ ਦੂਜੇ ਦਿਨ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਗਏ। ਗੁਰਮਤਿ ਸਮਾਗਮ 'ਚ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਨੇ ਕਥਾ ਵਿਚਾਰਾਂ ਰਾਹੀਂ ਹਾਜ਼ਰੀ ਭਰੀ ਅਤੇ ਭਾਈ ਗੁਰਸੇਵਕਜੀਤ ਸਿੰਘ, ਭਾਈ ਜਗਦੀਸ਼ ਸਿੰਘ ਵਡਾਲਾ, ਭਾਈ ਗੁਰਭੇਜ ਸਿੰਘ ਚਵਿੰਡਾ ਦੇ ਢਾਡੀ ਜਥਿਆਂ, ਭਾਈ ਗੁਰਿੰਦਰਪਾਲ ਸਿੰਘ ਬੈਂਕਾਂ, ਭਾਈ ਸੁੱਚਾ ਸਿੰਘ ਡੇਰਾ ਪਠਾਣਾਂ ਤੇ ਭਾਈ ਮੱਸਾ ਸਿੰਘ ਸਭਰਾ ਦੇ ਕਵੀਸ਼ਰ ਜਥਿਆਂ ਨੇ ਸੰਗਤ ਨਾਲ ਸ਼ਹੀਦ ਭਾਈ ਤਾਰਾ ਸਿੰਘ ਵਾਂ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ। ਸਮਾਗਮ ਦੌਰਾਨ ਇਲਾਕੇ ਭਰ ਵਿੱਚੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ 48 ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ। ਸਮਾਗਮ ਦੌਰਾਨ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਖੁਸ਼ਵਿੰਦਰ ਸਿੰਘ ਭਾਟੀਆ ਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨ ਦਿੱਤਾ। ਇਸ ਮੌਕੇ ਵਧੀਕ ਸਕੱਤਰ ਸ. ਬਿਜੈ ਸਿੰਘ, ਸ. ਤੇਜਿੰਦਰ ਸਿੰਘ ਪੱਡਾ, ਮੀਤ ਸਕੱਤਰ ਸ. ਸੁਖਬੀਰ ਸਿੰਘ, ਬਾਬਾ ਚਰਨ ਸਿੰਘ ਦਿਆਲਪੁਰ, ਇੰਚਾਰਜ ਸ. ਰਾਜਵਿੰਦਰ ਸਿੰਘ ਜੋਗਾ, ਸ. ਰਾਜਪਾਲ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਸ. ਧਰਮਿੰਦਰ ਸਿੰਘ, ਮੈਨੇਜਰ ਸ. ਜੱਜ ਸਿੰਘ, ਪ੍ਰਚਾਰਕ ਭਾਈ ਲਖਬੀਰ ਸਿੰਘ, ਭਾਈ ਗੁਰਬਚਨ ਸਿੰਘ ਕਲਸੀਆ, ਸਰਪੰਚ ਸ. ਰਣਜੀਤ ਸਿੰਘ, ਸਾਬਕਾ ਸਰਪੰਚ ਸ. ਮੁਖ਼ਤਿਆਰ ਸਿੰਘ, ਸ. ਸੁਰਜੀਤ ਸਿੰਘ, ਸ. ਕਰਨੈਲ ਸਿੰਘ, ਸ. ਰਾਜਿੰਦਰ ਸਿੰਘ, ਜਥੇਦਾਰ ਵਜੀਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਮੌਜੂਦ ਸਨ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਅੰਤਰ ਕਾਲਜ ਯੁਵਕ ਮੇਲੇ ਕਰਵਾਏ ਗਏ




**ਚੋਹਲਾ ਸਾਹਿਬ 12 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਦੇ ਵਿਦਿਆਰਥੀਆਂ ਵੱਲੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੁਆਰਾ ਕਰਵਾਏ ਗਏ ਅੰਤਰ ਕਾਲਜ ਯੁਵਕ ਮੇਲੇ ਜੋਂ ਕਿ ਖਾਲਸਾ ਕਾਲਜ ਫਾਰ ਵੋਮੈਨ (ਅੰਮ੍ਰਿਤਸਰ) ਵਿਖੇ ਆਯੋਜਿਤ ਕੀਤਾ ਗਿਆ, ਵਿੱਚ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਧਾਰਮਿਕ ਅਧਿਆਪਕ ਪ੍ਰੋ ਕਿਰਨਜੀਤ ਕੌਰ ਦੀ ਅਗਵਾਈ ਹੇਠ ਹਿੱਸਾ ਲਿਆ ਗਿਆ। ਇਸ ਅੰਤਰ ਕਾਲਜ ਯੁਵਕ ਮੇਲੇ ਵਿੱਚ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਜੋਨ ਅਧੀਨ ਆਉਂਦੇ ਤਕਰੀਬਨ 35 ਕਾਲਜਾਂ ਵੱਲੋਂ ਹਿੱਸਾ ਲਿਆ ਗਿਆ। ਇਸ ਯੋਵਕ ਮੇਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਕਵਿਤਾ, ਭਾਸ਼ਣ, ਪੋਸਟਰ ਮੇਕਿੰਗ, ਅੱਖਰਕਾਰੀ ਅਤੇ ਦਸਤਾਰ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਵਧੀਆ ਪ੍ਰਦਰਸ਼ਨ ਕੀਤਾ ਗਿਆ। ਕਾਲਜ ਦੇ ਬੀ.ਏ ਭਾਗ ਪਹਿਲਾ ਦੇ ਵਿਦਿਆਰਥੀ ਰਾਹੁਲਪ੍ਰੀਤ ਸਿੰਘ ਵੱਲੋਂ ਦਸਤਾਰ ਮੁਕਾਬਲੇ ਵਿੱਚ ਸਾਰੇ ਕਾਲਜਾਂ ਵਿੱਚੋਂ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਗਈ ਅਤੇ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਉਹਨਾਂ ਨੇ ਕਿਹਾ ਕਿ ਵਿਦਿਆਰਥੀਆਂ ਵੱਲੋਂ ਸਮੇਂ-ਸਮੇਂ ਤੇ ਅਜਿਹੇ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਤਾਂ ਜੋ ਆਪਣੇ ਅੰਦਰਲੇ ਹੁਨਰ ਨੂੰ ਪ੍ਰਗਟ ਕਰ ਸਕਣ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਦਲੇਰੀ...**

ਮਨ ਕਹੇ , ਦਿਲ ਮੰਨ ਲਵੇ। ਦੋਨੋ ਦਲੇਰੀ ਫੜਨ ਲੱਗ ਪੈਣ ਤਾਂ ਵਿਅਕਤੀ ਵੱਡੇ ਰਿਸਕ ਲੈਣ ਲਈ ਤਿਆਰ ਹੋ ਗਿਐ। ਰਿਸਕ ਵੱਡਾ ਤਾਂ ਲਾਭ ਵੀ ਵੱਡਾ ਮਿਲੇਗਾ॥ ਦਲੇਰੀ ਨੂੰ ਸਮਝ ਦੀ ਪਾਨ ਚੜਦੀ ਰਹੇ ਤਾਂ ਪ੍ਰਾਪਤੀਆਂ ਦੀ ਲਿਸਟ ਖੁੱਦ ਹੀ ਵੱਡੀ ਹੁੰਦੀ ਜਾਂਦੀ ਹੈ। ਹੌਂਸਲੇ ਨੂੰ ਫਰ ਨਿਕਲਣ ਲੱਗ ਪੈਂਦੇ ਨੇ।ਬੰਦਾ ਸੁਫਨਿਆਂ ਨੂੰ ਸਾਰਥਕ ਕਰਨ ਵੱਲ ਵਧਣ ਲਗਦੈ॥ ਸੁਫਨੇ ਵੱਡੇ, ਨਿਸਚਾ ਪੱਕਾ। ਦਿਲ ਦੀ ਦਲੇਰੀ ਤੇ ਧਿਆਨ ਇਕਾਗਰ ਕਰ ਕਾਰਜਸ਼ੀਲ ਰਹਿਣ ਲੱਗ ਪਵੇ ਤਾਂ ਸਭ ਕੁੱਝ ਪਾਇਆ ਜਾ ਸਕਦੈ॥

**ਹਾਕਮ...**

ਜਦੋਂ ਹਾਕਮ ਕੁਰਸੀ ਪ੍ਰਾਪਤੀ ਲਈ ਥੋੜਾ ਬਹੁਤਾ ਵੀ ਟੇਡਾ ਮੇਢਾ ਚੱਲਣ ਲੱਗ ਪਵੇ ਤਾਂ ਸਮਝੋ ਨੇਤਾ ਦੀ ਪੁੱਠੀ ਗਿਣਤੀ ਅਤੇ ਜਨਤਾ ਦੀ ਬਰਬਾਦੀ ਸ਼ੁਰੂ॥ ਸੂਝਵਾਨ ਲੋਕਾਂ ਦੀ ਗੱਲ ਮੰਨ ਜਨਤਾ ਲਾਮਬੰਦ ਹੋ ਕੇ ਚੱਲ ਪਵੇ ਤਾਂ ਹਾਕਮਾਂ ਦੀ ਧਰਨ ਟਿਕਾਣੇ ਆਈ ਸਮਝੋ। ਚੋਣਾਂ ਦੇ ਖਰਚੇ ਵੀ ਸੈਂਟ ਹੋਣ ਲੱਗ ਪੈਣਗੇ। ਚੰਗੀ ਸੋਚ ਵਾਲੇ ਵੀ ਅੱਗੇ ਆਉਣ ਲੱਗ ਪੈਣਗੇ॥ ਮਹਿਜ਼ ਕੁਰਸੀ ਦੀ ਭੁੱਖ ਦੇ ਰਾਹ ਚੱਲਿਆ ਹਾਕਮ ਇਮਾਨਦਾਰ ਰਹਿ ਜਨਤਾ ਦਾ ਭਲਾ ਕਦੀ ਨਹੀਂ ਕਰ ਸਕਦਾ॥

**ਦਰਸ਼ਨ ਸਿੰਘ ਬਰੇਟਾ, ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ**

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

